ੴ ਸਤਿਗੁਰ ਪ੍ਰਸਾਦਿ ॥

# ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ

ਅਤੇ

## ਖਾਲਸਾ ਪੰਥ ਦੀ ਉਸਤਤਿ ਵਿਚ ਕੁਝ ਪ੍ਰਮੁੱਖ ਬੁੱਧੀ ਜੀਵੀਆਂ ਦੇ ਵਿਚਾਰ

ਲਾਂਚ ਕਰਤਾ :

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਜੀ ਚੈਰਿਟੇਬਲ ਟਰਸਟ, ਚੰਡੀਗੜ੍ਹ

Lunched By : Jasbir Singh
9988160484, 62390-45985
0172- 2696891

Type Setting By :
Radhe Shyam Choudhary
98149-66882

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ

Download Free

# ਭੂਮਿਕਾ

ਵਰਤਮਾਨ ਕਾਲ ਵਿਚ ਸਾਰਾ ਮਨੁੱਖੀ ਸਮਾਜ ਅਧੋਗਤੀ ਵਿਚ ਹੈ। ਕਿਤੇ ਸਾਂਤੀ ਵਿਖਾਈ ਨਹੀਂ ਦੇਂਦੀ, ਹਰ ਥਾਂ ਤੇ ਕਲਹ-ਕਲੇਸ਼ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਅਜੇਹੀ ਹਾਲਤ ਵਿਚ ਮਾਨਸਿਕ ਤਨਾਵ ਹੋਣਾ ਸੁਅਭਾਵਿਕ ਗੱਲ ਹੈ। ਇਸ ਤਨਾਵ ਭਰੇ ਸੰਸਾਰ ਵਿਚ ਮਨੁੱਖ ਰਾਹਤ ਦੇ ਲਈ ਕ੍ਰਿਤਿਮਕ ਸਾਧਨਾਂ ਦੀ ਤਰਫ ਖਿਚੀਆ ਚਲਾ ਆਉਂਦਾ ਹੈ। ਉਹ ਸੋਚਦਾ ਹੈ ਸ਼ਾਇਦ ਉਨ੍ਹਾਂ ਨੂੰ ਮਾਨਸਿਕ ਦੁਵੇਸ਼ਾਂ ਤੋਂ ਛੁਟਕਾਰਾ ਮਿਲ ਜਾਵੇਗਾ ਪਰ ਹੁੰਦਾ ਉਸ ਦੇ ਉਲਟ ਹੈ। ਇਸ ਲਈ ਛੇਤੀ ਹੀ ਉਨ੍ਹਾਂ ਦਾ ਇਹ ਭ੍ਰਮ ਵੀ ਟੁੱਟ ਜਾਂਦਾ ਹੈ ਕਿਉਂਕਿ ਹਰ ਤਰ੍ਹਾਂ ਦੇ ਨਸ਼ੇ ਸਿਰਫ ਕੁਝ ਪਲਾ ਲਈ ਰਾਹਤ ਦੇਂਦੇ ਹਨ ਅਸਲ ਵਿਚ ਉਹ ਹੋਰ ਤਕਲੀਫਾ ਦਾ ਕਾਰਣ ਬਣ ਕੇ ਸਾਮਣੇ ਆਉਂਦੇ ਹਨ। ਇਸ ਲਈ ਜੀਵ ਆਤਮਾ ਸਾਂਤੀ ਦੀ ਖੋਜ ਲਈ ਦਰ-ਦਰ ਭਟਕਦਾ ਫਿਰਦਾ ਹੈ। ਪਰ ਸਾਂਤੀ ਕਿਥੇ? ਇਸ ਤਰ੍ਹਾਂ ਇਨ੍ਹਾਂ ਭਟਕਦੀ ਹੋਈ ਮਨੁੱਖਤਾ (ਰੂਆਂ) ਨੂੰ ਕੁਝ ਚਤੁਰ (ਠਗ) ਲੋਕ ਧਰਮ-ਕਰਮ ਦਾ ਝਾਂਸਾ ਦੇ ਕੇ ਅਪਣੇ ਪਾਖੰਡੀ ਜਾਲ ਵਿਚ ਉਲਝਾਦੇ ਹਨ ਅਤੇ ਉਨ੍ਹਾਂ ਦਾ ਸ਼ੋਸਣ ਕਰਕੇ ਉਨ੍ਹਾਂ ਲੋਕਾਂ ਨੂੰ ਅਸਹਾਏ ਛੱਡ ਦੇਂਦੇ ਹਨ। ਜਿਸ ਕਾਰਣ ਨਾਸਿਤਕਤਾ ਫਲਦੀ-ਫੁਲਦੀ ਹੈ ਅਸਲ ਵਿਚ ਇਨ੍ਹਾਂ ਡੰਭੀ ਗੁਰੂਆਂ ਦੇ ਚੱਕਰਵਿਓ ਵਿਚ ਫਸਿਆ ਮਨੁੰਖ ਦੁਵਿਧਾ ਭਰਿਆ ਜੀਵਨ ਜੀਣ ਦੇ ਲਈ ਮਜਬੂਰ ਹੋ ਜਾਂਦਾ ਹੈ। ਉਹ ਘਰ ਦਾ, ਨਾ ਘਾਟ ਦਾ ਹੋਕੇ ਜੀਉਂਦਾ ਹੈ। ਕਿਉਂਕਿ ਉਹ ਅਗਿਆਨਤਾ ਦੇ ਕਾਰਣ ਦੋ ਨੰਬਰ ਦੇ ਭੇਖੀ ਸਾਧੂ-ਸੰਤਾਂ ਦੇ ਫੈਲਾਏ ਮਾਇਆ ਜਾਲ ਵਿਚ ਉੱਦਾਂ ਹੀ ਫਸ ਜਾਂਦੇ ਹਨ ਜਿੱਦਾ ਕਿਸੀ ਨਦੀ ਦੇ ਭਵਰ ਵਿਚ ਫਸਿਆ ਮਨੁੱਖ। ਉਨ੍ਹਾਂ ਨੂੰ ਮਾਇਆ ਮਿਲਦੀ ਹੈ ਨਾ ਰਾਮ। ਇਸ ਪ੍ਰਕਾਰ ਦੇ ਅਸ਼ਾਂਤਿ ਵਾਤਾਵਰਣ ਵਿਚ ਕਈ ਤਾਂ ਆਤਮ ਹਤਿਆ ਵੀ ਕਰਦੇ ਦੇਖੇ ਗਏ ਹਨ।

ਹੁਣ ਪ੍ਰਸ਼ਨ ਉਠਦਾ ਹੈ ਸ਼ਾਂਤੀ ਕਿਥੋ ਭਾਲੀਏ ਜਿਥੋਂ ਧੋਖਾ ਨ ਮਿਲੇ? ਇਸ ਉਲਝੇ ਹੋਏ ਸੁਆਲ ਦਾ ਜੁਆਬ ਹੈ।

**ਮੇਰੇ ਮਾਧਉ ਜੀ ਸਤਿ ਸੰਗਤਿ ਮਿਲੇ ਸੁ ਤਰਿਆ ।**

ਅਧਿਅਤਿਮਿਕ ਦੁਨੀਆਂ ਦਾ ਪਾਂਧੀ ਜੇਕਰ ਸਤਿ ਦੀ ਖੋਜ ਦੇ ਲਈ ਅਦਵੈਤ ਵਾਦ ਦਾ ਸਹਾਰਾ ਲੈਕੇ ਸਾਰੇ ਮਨੁੰਖੀ ਸਮਾਜ ਦੇ ਧਰਮ- ਕਰਮਾਂ ਨੂੰ ਤੁਲਨਾਤਮਿਕ ਅਧਿਆਨ ਨਿਰਪਖ ਦ੍ਰਿਸ਼ਟੀ ਨਾਲ ਕਰੇ ਤਾਂ ਉਹ ਮਹਿਸੂਸ ਕਰਕੇ ਗਾ ਕਿ ਗੁਰੂਨਾਨਕ ਮਿਸ਼ਨ ਵਰਤਮਾਨ ਕਾਲ ਦੀਆਂ ਸਮਸਿਆਵਾਂ ਦਾ ਹਲ ਦੇ ਰਿਹਾ ਹੈ। ਇਸ ਧਰਮ ਦੇ ਸਿੱਧਾਂਤਾਂ ਵਿਚ ਸਮਾਜ ਨੂੰ ਵਰਗ ਵੰਡ ਤੋਂ ਦੂਰ ਰਖਿਆ ਗਿਆ ਹੈ ਅਤੇ ਸਮੱਸਤ ਮਨੁੰਖ ਸਮਾਜ ਨੂੰ ਭਾਈਚਾਰੇ ਦੇ ਕਲਾਵੇ ਵਿਚ ਲਿਆ ਗਿਆ ਹੈ ਇਥੇ-

**ਨਾ ਕੋ ਬੈਰੀ ਨਾਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ।** (ਅੰਗ-1299)

ਭਾਵ ਇਹ ਹੈ ਕਿ ਇਰਖਾ - ਨਿੰਦੀਆਂ ਤੋ ਦੂਰ, ਸਿਰਫ ਪਿਆਰ ਹੀ ਪਿਆਰ ਵੰਡਿਆ ਜਾਂਦਾ ਹੈ।

• • • • •

**ਨੋਟ :** **ਜਿਨ੍ਹਾਂ ਬੁੱਧਿਜਿਵੀਆਂ ਨੇ ਗੁਰੂ ਨਾਨਕ ਮਿਸ਼ਨ ਦਾ ਅਧਿਐਨ ਕੀਤਾਂ ਹੈ ਉਹਨਾਂ ਦੀਆਂ ਟਿੱਪਣੀਆਂ ਅਗਲੇ ਪੰਨੇਇਆਂ ਤੇ ਪੜ੍ਹੋ ਜੀ।**

# ਸਿੱਖ ਮਿਸ਼ਨ ਪ੍ਰਤੀ ਦੂਜੇ ਧਰਮਾਂ ਦੇ ਕੁਝ ਉੱਚ ਕੋਟੀ ਦੇ ਵਿਦਵਾਨਾਂ ਦੇ ਵਿਚਾਰ

1. **ਸੁਆਮੀ ਨਿਤਿਆ ਨੰਦ ਜੀ :-** ਸੁਆਮੀ ਨਿਤਿਆ ਨੰਦ ਜੀ ਨੇ ਅਪਣੇ ਵਿਚਾਰ ਅਪਣੀ ਪੁਸਤਕ 'ਗੁਰੂਗਿਆਨ' ਦੇ ਪੰਨਾਂ 4 ਅਤੇ 5 ਤੇ ਇਸ ਪ੍ਰਕਾਰ ਪ੍ਰਗਟ ਕੀਤੇ ਹਨ।

ਮੇਰਾ ਜਨਮ ਬੰਗਾਲ ਦਾ ਹੈ, ਇਕ ਜੋਗੀ ਜੀ ਸਾਡੇ ਨਗਰ ਵਿਚ ਕਦੇ-ਕਦੇ ਆਉਂਦੇ ਰਹਿੰਦੇ ਸਨ, ਉਨ੍ਹਾਂ ਦਾ ਨਾਂ ਸੀ, ਸ਼੍ਰੀ ਸੁਆਮੀ ਬ੍ਰਹਮਾ ਨੰਦ ਜੀ। ਇਨ੍ਹਾਂ ਦਾ ਜੀਵਨ ਰਮਜ਼ਾ ਭਰਿਆ ਸੀ ਅਤੇ ਵਾਕ ਸਿੱਧੀ ਪ੍ਰਾਪਤ ਸੀ। ਜੋ ਮੂੰਹੋ ਆਖਦੇ ਉਸੀ ਵਕਤ ਸਤਿ ਹੋ ਨਿਬੜ ਦਾ ------ !!

ਮੇਰੀ ਉਮਰ ਇਸ ਸਮੇਂ 135 ਤੋਂ ਉਪਰ ਹੈ। ਭਾਰਤ ਵਰਸ਼ ਵਿਚ ਇਨ੍ਹਾਂ ਵਰਗੇ ਜੋਗੀ ਬਹੁਤ ਘਟ ਵੇਖਣੇ ਨੂੰ ਮਿਲਦੇ ਹਨ। ਮੇਰੇ ਮਾਪੇ ਇਨ੍ਹਾਂ ਉੱਤੇ ਬਹੁਤ ਸ਼੍ਰੱਧਾ ਰਖਦੇ ਸਨ। ਇਕ ਦਿਨ ਉਹ ਸਾਡੇ ਘਰ ਦਰਵਾਜੇ ਤੇ ਆ ਖਲੋਤੇ ਅਤੇ ਉੱਚੀ ਆਵਾਜ਼ ਨਾਲ ਕਹਿਆ 'ਮੇਰੀ ਅਮਾਨਤ ਲਿਆਓ' ਇਸ ਤੋਂ ਪਹਿਲਾ ਆਪ ਜੀ ਕਦੇ ਨਗਰ ਵਿਚ ਨਹੀਂ ਆਏ ਸਨ। ਉਨ੍ਹਾਂ ਨੂੰ ਵੇਖ ਕੇ ਸਾਰਾ ਪਰਿਵਾਰ ਹੈਰਾਨ ਰਹਿ ਗਿਆ। ਜੋਗੀ ਜੀ ਨੇ ਜੋ ਕੁਝ ਕਹਿਆ, ਉਸ ਗੱਲ ਨੂੰ ਸੁਣ ਕੇ ਸਾਰੇ ਹੱਕੇ-ਬੱਕੇ ਰਹਿ ਗਏ ਕਿ ਜੋਗੀ ਜੀ ਸਾਥੋ ਕੀ ਮੰਗ ਰਹੇ ਹਨ? ਜਦੋਂ ਕਿ ਉਨ੍ਹਾਂ ਸਾਨੂੰ ਕੋਈ ਵਸਤੂ ਇਮਾਨਤ ਵਜੋਂ ਦਿਤੀ ਹੀ ਨਹੀਂ ਸੀ। ਉਨ੍ਹਾਂ ਨੇ ਦੋ ਵਾਰ ਫਿਰ ਅਪਣੀ ਮੰਗ ਦੋਹਰਾਈ ਕਿ ਮੇਰੀ ਇਮਾਨਤ ਮੈਨੂੰ ਵਾਪਸ ਦਿਓ। ਤਦ ਪਿਤਾ ਜੀ ਨੇ ਉਨ੍ਹਾਂ ਦੇ ਚਰਣ ਪਕੜ ਲਏ ਅਤੇ ਕਿਹਾ ਆਪਜੀ ਕਿਹੜੀ ਇਮਾਨਤ ਮੰਗ ਰਹੇ ਹੋ? ਤਦ ਜੋਗੀ ਜੀ ਘਰ ਦੇ ਅੰਦਰ ਆ ਗਏ ਅਤੇ ਆਉਂਦਿਆ ਹੀ ਮੇਰੇ ਮੋਡੇ ਤੇ ਹਾਥ ਰਖਿਆ ਅਤੇ ਕਹਿਆ, ਇਹ ਮੁੰਡਾ ਮੇਰੀ ਇਮਾਨਤ ਹੈ।' ਤੁਹਾਡੇ ਘਰ ਰਹਿਣ ਵਾਲਾ ਨਹੀਂ, ਇਸ ਲਈ ਮੈਨੂੰ ਦੇ ਦਿਓ, ਅਸੀ ਚਾਰ ਸੱਕੇ ਭਰਾ ਸੀ, ਪਰ ਸੰਤਾਨ ਨੂੰ ਦੇਣਾ-ਇਤਨੀ ਸਹਿਜ ਗੱਲ ਨਹੀਂ ਸੀ ਪਰ ਜੋਗੀ ਜੀ ਦੀ ਗੱਲ ਨੂੰ ਟਾਲਣਾ ਵੀ ਮੁਸ਼ਕਿਲ ਸੀ। ਘਰ ਦੇ ਸਾਰੇ ਮੈਂਬਰ ਇਕ-ਦੂਜੇ ਨੂੰ ਦੁਬਿਦਾ ਦੀ ਦ੍ਰਿਸ਼ਟੀ ਨਾਲ ਵੇਖਣ ਲਗੇ ਅਤੇ ਕੋਈ ਉੱਤਰ ਨਹੀਂ ਬਣ ਰਿਹਾ ਸੀ। ਜੋਗੀ ਜੀ ਇਹ ਕਹਿ ਕੇ ਮੇਰੀ ਇਮਾਨਤ ਮੇਰੇ ਕੋਲ ਮੇਰੇ ਆਸ਼ਰਮ ਵਿਚ ਭੇਜ ਦਿਓ, ਅਪਣੇ ਆਸ਼ਮ ਚਲੇ ਗਏ। ਉਸ ਤੋਂ ਬਾਦ ਮਾਪਿਆ ਵਿਚ ਕੀ ਵਿਚਾਰ-ਵਟਾਂਦਰਾ ਹੋਇਆ ਮੈਨੂੰ ਨਹੀਂ ਪੱਤਾ। ਹਾ ਦੂਜੇ ਦਿਨ ਸਵੇਰੇ ਮੈਨੂੰ ਜੋਗੀ ਜੀ ਦੇ ਆਸ਼੍ਰਮ ਵਿਚ ਪਹੁੰਚਾ ਦਿਤਾ ਗਿਆ ਛੇ ਮਹਿਨੇ ਉਥੇ ਰਹਿੰਣ ਦੇ ਬਾਦ ਜੋਗੀ ਜੀ ਮੈਨੂੰ ਲੈ ਕੇ ਉਥੋ ਚਲ ਪਏ ਗਏ। ਯੋਗੀ ਜੀ ਸੰਮਕ੍ਰਿਤ ਦੇ ਮਹਾਨ ਵਿੱਧਵਾਨ ਸਨ ਅਤੇ ਅਪਣੇ ਨਾਂ ਨੂੰ ਸਾਰਥਕ ਕਰਨ ਵਾਲੇ ਯੋਗੀ ਸਨ। ਸਮਝਣੇ ਦਿਆਂ ਸਾਰਿਆਂ ਜੁਗਤੀਆਂ ਉਨ੍ਹਾਂ ਮੈਨੂੰ ਸਿਖਇਆਂ ਅਤੇ ਸਮਝਾਈਆਂ । ਜਿਸ ਥਾਂ ਤੇ ਵੀ ਕੋਈ ਸਿੱਧ ਯੋਗੀ

ਮਿਲਦਾ ਉਥੇ ਠਹਿਰ ਕੇ ਮੈਨੂੰ ਉਨ੍ਹਾਂ ਤੋਂ ਲਾਭ ਪ੍ਰਾਪਤ ਕਰਣ ਦਾ ਪੂਰਾ ਮੌਕਾ ਦੇਂਦੇ। ਮੁੰਬਈ, ਚਨੰਈ, ਉੜੀਸਾ, ਬਿਹਾਰ, ਪ੍ਰਯਾਗ, ਆਗਰਾ, ਕਾਨਪੁਰ ਵਿਚ ਵਿਚਰਦੇ ਹੋਏ ਪੰਜਾਬ ਵਿਚ ਆ ਗਏ। ਇਥੇ ਇਕ ਉਦਾਸੀ ਮਹਾਪੁਰਸ਼ ਦੇ ਦਰਸ਼ਨ ਹੋਏ। ਵਿਚਾਰ-ਚਰਚਾ ਵਿਚ ਦਿਨ ਬੀਤਣ ਲਗੇ। ਉਦਾਸੀ ਜੀ ਦਾ ਨਾਂ ਸੁਆਮੀ ਸਤਿਆ ਨੰਦ ਜੀ ਸੀ। ਇਨ੍ਹਾਂ ਨੇ ਗੁਰੂਘਰ ਦੀ ਰੀਤਾਂ ਕੁਝ ਐਸ ਢੰਗ ਨਾਲ ਸੁਣਾਈਆਂ ਕਿ ਸ਼੍ਰੀ ਸੁਆਮੀ ਬ੍ਰਹਮਾ ਨੰਦ ਜੀ ਮਨਤ੍ਰ ਮੁਗਧ ਹੋ ਗਏ। ਅੰਮ੍ਰਿਤਸਰ ਗੁਰੂਦਰਬਾਰ ਦੇ ਦਰਸ਼ਨ ਕਰਕੇ ਉਨ੍ਹਾਂ ਦੀ ਆਤਮਾ ਤੇ ਕੁਝ ਇਸ ਤਰ੍ਹਾਂ ਦਾ ਪ੍ਰਭਾਵ ਪਾਇਆ ਕਿ ਉਹ ਗੁਰੂਘਰ ਦੇ ਹੀ ਹੋ ਗਏ। ਕੁਝ ਸਮਾਂ ਪੰਜਾਬ ਵਿਚ ਵਿਅਤੀਤ ਕੀਤਾ, ਫਿਰ ਹਰਿਦੁਆਰ ਚਲੇ ਆਏ। ਉਥੇ ਇਕ ਦਿਨ ਚੰਗੇ-ਭਲੇ ਬੈਠੇ ਸਨ, ਉਨ੍ਹਾਂ ਦਿਆਂ ਅੱਖਾ ਡੁਬ-ਡਾਬਾਦਿਆਂ ਵੇਖਿਆ ਤਾਂ ਮੈਂ ਕਾਰਣ ਪੁਛਿਆ ਤਦ ਉਨ੍ਹਾਂ ਉੱਤਰ ਦਿਤਾ ਕਿ ਸਾਰੀ ਉਮਰ ਰੇਤ ਛਾਣੀ ਤਤੁ ਵਸਤੁ ਤਾਂ ਗੁਰੂਘਰ ਵਿਚ ਸੀ, ਹੁਣ ਇਕ ਜਨਮ ਗੁਰੂਘਰ ਵਿਚ ਲੈਣਾ ਪਏਗਾ। ਤਦ ਹੀ ਕਲਿਆਣ ਹੋਵੇਗੀ। ਇਹ ਕਹਿੰਦੇ ਹੋਏ ਉਨ੍ਹਾਂ ਸ਼ਰੀਰ ਤਿਆਗ ਦਿਤਾ।

ਮੈਂ ਵੀ ਹੁਣ ਗੁਰੂਘਰ ਦਾ ਵਾਹਿਗੁਰੂ ਮੰਤ੍ਰ ਦਾ ਜਾਪ ਕਰਦਾ ਹਾਂ। ਹੁਣ ਜੋ ਮੈਨੂੰ ਸ਼ਾਂਤੀ, ਪ੍ਰਾਪਤ ਹੋਈ ਹੈ ਉਹ ਪਹਿਲੀ ਯੋਗ ਸਾਧਨਾ, ਯੋਗਾ ਚਾਰਿਆਂ ਦੇ ਪਾਸ ਬੈਠ ਕਰ ਅਤੇ ਸਾਲਾ ਬਦੀ ਕੀਤੇ ਤਪ ਅਤੇ ਹਠ ਸਾਧਨਾ ਤੋਂ ਵੀ ਨਹੀਂ ਪ੍ਰਾਪਤ ਹੋਈ ਸੀ। ਮੈਂ ਹੁਣ ਬਹੁਤ ਆਨੰਦ ਅਤੇ ਸ਼ਾਂਤੀ ਪੂਰਣ ਜੀਵਨ ਜੀ ਰਿਹਾ ਹਾਂ।

ਗੁਰੂਘਰ ਦਾ ਮਾਰਗ ਦਰਸ਼ਨ ਪੂਰਨ ਹੈ **"ਵਾਹਿਗੁਰੂ"** ਸ਼ਬਦ ਦੀ ਮਹਿਮਾ ਦੀ ਉਸਤਤੀ ਕਹੀ ਨਹੀਂ ਜਾ ਸਕਦੀ। ਗੁਰੂਜੀ ਦੀ ਸਿਖਿਆ ਅਮ੍ਰਿਤ ਮਯ ਹੈ। ਸ਼੍ਰੀ ਗੁਰੂਗ੍ਰੰਥ ਸਾਹਿਬ ਦੀ ਬਾਣੀ ਤੋਂ ਵੱਦ ਕੇ ਹੋਰ ਕੋਈ ਬਾਣੀ ਕਲਿਆਣ ਕਾਰੀ ਨਹੀ ਯੋਗੀ ਜੀ ਨੇ ਅੰਤਿਮ ਸੁਵਾਸਾਂ ਸਮੇਂ ਜੋ ਸੰਦੇਸ਼ ਮੈਨੂੰ ਦਿਤਾ ਦੂਜਿਆਂ ਤਕ ਪਹੁੰਚਾਉਂਣਾ ਮੇਰਾ ਫ਼ਰਜ਼ ਹੈ। ਜੋ ਸਿੱਧੀ ਅਤੇ ਅਧਿਆਤਿਮਿਕ ਪ੍ਰਾਪਤਿਆਂ 'ਵਾਹਿਗੁਰੂਨਾਮ ਦੇ ਜਪਣ ਨਾਲ ਸਹਿਜ ਵਿਚ ਹੋ ਜਾਂਦੀਆਂ ਹਨ ਹੋਰ ਦੂਜੇ ਹਠ ਅਥਵਾਂ ਕਠਿਨ ਯੋਗ ਸਾਧਨਾਂ ਕਰਨ ਤੇ ਵੀ ਦੁਰਲਭਦ ਹਨ। ਇਹ ਹੀ ਸੱਚਾਈ ਹੈ ਪਰਖਿਆ ਹੋਇਆ ਸੱਚ ਹੈ ਅਤੇ ਨਿਰਵਿਵਾਦ ਸੱਚ ਹੈ। ਮੇਰੀ ਅਵਸਥਾ ਪੁਸਤਕ ਲਿਖਣੇ-ਲਿਖਾਣ ਦੀ ਨਹੀਂ। ਕੁਝ ਪ੍ਰੇਮ ਮਯ ਸੱਚੇ ਅਨੁਭਵ ਆਪਣੇ ਜੀਵਨ ਦੇ ਸੰਗਤਾਂ ਨਾਲ ਸਾਂਝੇ ਕਰਦੇ ਹੋਏ ਇਸ ਮਾਤ ਲੋਕ ਤੋਂ ਵਿਦਾ ਹੋਣ ਦੀ ਇੱਛਾ ਰਖਦਾ ਹਾਂ ਜੇਕਰ ਕਿਸੇ ਇਕ ਮਨੁੱਖ ਨੇ ਵੀ ਇਸ ਤੋਂ ਲਾਭ ਉਠਾਉਣ ਦਾ ਯਤਨ ਕੀਤਾ ਤਾਂ ਮੇਰੀ ਮਹਿਨਤ ਸਫਲ ਹੋ ਜਾਵੇਗੀ।

2. **ਰਾਮਤੀਰਥ ਜੀ ਦੰਡੀ ਸੰਨਿਆਸੀ** :- ਸੁਵਾਮੀ ਰਾਮਤੀਰਥ ਦੰਡੀ ਸੰਨਿਆਸੀ ਜੀ ਨੇ ਅਪਣੇ ਵਿਚਾਰ ਵਿਅਕਤ ਕਰਦੇ ਹੋਏ ਅਪਣੀ ਪੁਸਤਕ "ਸਰਵੋਤਮ ਧਰਮ ਗ੍ਰੰਥ ਸ਼੍ਰੀ ਗੁਰੂਗ੍ਰੰਥ ਸਾਹਿਬ ਅਤੇ ਸਰਵੋਤਮ ਪੰਥ ਖਾਲਸਾ ਪੰਥ" ਵਿਚ ਲਿਖਿਆ ਹੈ:- ਪਿਆਰੇ ਪਾਠਕ ਸਜਨੋਂ, ਮੈਥੋਂ ਉਸ ਪਰਮ ਪਿਤਾ ਪਰਮੇਸ਼ਵਰ ਨੇ "ਸਤਿਗੁਰੁਪ੍ਰਸਾਦਿ" ਦੇ ਕੇ "ਸਰਵੋਤਮ ਗ੍ਰੰਥ, ਆਦਿ ਸ਼੍ਰੀ ਗੁਰੂਗ੍ਰੰਥ ਸਾਹਿਬ" ਨਾਂ ਦੀ ਇਹ ਪੁਸਤਕ ਲਿਖਵਾਈ ਹੈ।

ਭਾਰਤ ਦੇ ਪ੍ਰਾਚੀਨ ਧਰਮ ਗ੍ਰੰਥਾਂ, ਵੇਦਾਂ, ਸਿਮ੍ਰਿਤੀਆਂ, ਮਹਾਭਾਰਤ, ਤੰਤ੍ਰਾਂ, ਪੁਰਾਣਾਂ ਅਤੇ ਸਮਸਤ ਸ਼ਾਸ਼ਤ੍ਰਾ ਦੇ ਅਧਿਆਨ ਤੋਂ ਬਾਦ ਮੈਂਨੂੰ ਅਨੁਭਵ ਹੋਇਆ ਹੈ ਕਿ ਉਨ੍ਹਾਂ ਵਿਚ ਕਈ ਧਰਮ ਵਿਰੋਧੀ ਤੱਤ ਮਿਲੇ ਹੋਏ ਹਨ। ਮੈਂ ਉਨ੍ਹਾਂ ਤੱਤ੍ਵਾਂ ਦੇ ਕੁਝ ਨਮੂਨੇ ਪੇਸ਼ਕਰ ਕੇ ਉਨ੍ਹਾਂ ਦੀ ਨਿੰਦਾ ਵੀ ਕੀਤੀ ਹੈ ਅਤੇ ਪੁਸਤਕ ਦੇ ਅੰਤ ਵਿਚ **"ਸ਼੍ਰੀ ਗੁਰੂਗ੍ਰੰਥ ਸਾਹਿਬ"** ਜੀ ਦੀ ਨਿਰਮਲ ਬਾਣੀ ਦੀਆਂ ਝਲਕੀਆਂ ਵੀ ਪ੍ਰਸਤੂਤ ਕੀਤੀਆਂ ਹਨ ਜੋ ਕਿ ਬਾਣੀ ਸਮਸਤ ਮਾਨਵ ਸਮਾਜ ਦੇ ਲਈ ਪਰਮ ਕਲਿਆਣ ਕਾਰੀ ਭਾਵਾਂ ਨੂੰ ਦਰਸਾਉਂਦੀ ਹੈ। ਪਰੰਤੁ ਪ੍ਰਾਚੀਨ ਗ੍ਰੰਥਾਂ ਵਿਚ ਆਏ ਦੋਸ਼ਾਂ ਤੋਂ ਵੀ ਰਹਿਤ ਸਿੱਧ ਹੋ ਜਾਂਦੀ ਹੈ। ਇਸ ਬਾਣੀ ਜਿਨੀ ਉੱਤਮ ਬਾਣੀ ਮੈਂਨੂੰ ਕਿਤੇ ਨਜ਼ਰ ਨਹੀਂ ਆਈ।

ਅੰਤ ਵਿਚ ਮੈਂ ਇਸ ਉਮੀਦ ਨਾਲ ਇਹ ਪੁਸਤਕ ਸੰਗਤਾਂ ਨੂੰ ਭੇਂਟ ਕਰ ਰਿਹਾ ਹਾਂ ਕਿ ਸੱਚ ਦੇ ਪਾਂਧੀ ਸੱਜਣ ਨਿਸ਼ਚਿਤ ਹੀ ਇਸ ਦਾ ਸੁਆਗਤ ਕਰਨਗੇ। ਸ਼੍ਰੀ ਰਾਮ ਤੀਰਥ ਜੀ ਨੇ ਹਿੰਦੂਧਰਮ ਦੇ ਸਾਰੇ ਗ੍ਰੰਥਾਂ ਦਾ ਬਹੁਤ ਬਾਰੀਕੀ ਨਾਲ ਅਧਿਅਨ ਕੀਤਾ ਸੀ ਅਤੇ ਉਨ੍ਹਾਂ ਵਿਚ ਕੁਝ ਐਸੀਆਂ ਗੱਲਾਂ ਲਿਖੀਆ ਹੋਈਆਂ ਹਨ ਜੋ ਮਨੁੰਖ ਨੂੰ ਮੁਕਤੀ ਦੁਆਉਂਣਾਂ ਤਾਂ ਬਹੁਤ ਦੂਰ ਦੀ ਗੱਲ ਹੈ ਬਲਕਿ ਆਚਰਣਹੀਨ ਬਣਾਉਂਦੀਆਂ ਹਨ। ਸੋ ਇਸ ਲਈ ਇਨ੍ਹਾਂ ਗੱਲਾਂ ਦੇ ਕਾਰਣ ਹੀ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਰਵੋਤਮ ਬਾਣੀ ਕਹਿਣ ਦੇ ਲਈ ਮਜਬੂਰ ਹੋ ਗਿਆ ਸੀ ਉਪਰੋਤਕ ਵਰਣੀਤ ਦੋਨੋਂ ਪੁਸਤਕਾਂ 'ਸਰਵੋਤਮ ਧਰਮ ਗ੍ਰੰਥ ਸ਼੍ਰੀ ਗੁਰੂਗ੍ਰੰਥ ਸਾਹਿਬ ਅਤੇ ਸਰਵੋਤਮ ਪੰਥ ਖਾਲਸਾ ਪੰਥ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅਮ੍ਰਿਤਸਰ ਤੋਂ ਬਿਨਾਂ ਭੇਟ (ਮੁਫਤ) ਮਿਲਦੀਆਂ ਹਨ। ਜੀਵਨ ਦੇ ਅੰਤਿਮ ਦਿਨਾਂ ਵਿੱਚ ਰਾਮ ਤੀਰਥ ਜੀ, ਸਿੰਘ ਸ਼ਜ ਗਏ ਸਨ।

## ਸ਼ਾਮ ਲਾਲ ਪਟਿਆਲਾ ਵਾਲਿਆਂ ਦਾ ਨਿਰਮਲ ਸੰਦੇਸ਼

ਪੂਜਣ ਯੋਗ ਸ਼੍ਰੀ ਦੰਡੀ ਸੁਆਮੀ ਰਾਮ ਤੀਰਥ ਜੀ ਦੀ ਰਚੀ ਪੁਸਤਕ "ਸਰਵੋਤਮ ਗ੍ਰੰਥ ਆਦਿ ਸ਼੍ਰੀ ਗੁਰੂਗ੍ਰੰਥ ਸਾਹਿਬ ਜੀ" ਨੂੰ ਮੈਂ ਬਹੁਤ ਗਹਿਰਾਈ ਨਾਲ ਵਿਚਾਰਿਆਂ ਅਤੇ ਅਧਿਅਨ ਕੀਤਾ ਹੈ। ਸੁਆਮੀ ਜੀ ਨੇ ਇਸ ਪੁਸਤਕ ਨੂੰ ਬਹੁਤ ਮਿਹਨਤ ਕਰਕੇ ਸੋਹਣੀ ਵਿਵੇਕਾਤਮਿਕ ਸ਼ੈਲੀ ਵਿਚ ਲਿਖਿਆ ਹੈ। ਅਪਣੀਆਂ ਦੁਜੀਆਂ ਪੁਸਤਕਾਂ ਵਿਚ ਸੁਆਮੀ ਜੀ ਨੇ ਪ੍ਰਾਚੀਨ ਸਮਾਂ ਦੇ ਬਹੁਤ ਸਾਰੇ ਅੰਧ ਵਿਸ਼ਵਾਸਾਂ ਦਾ ਬੜੇ ਤਰਕ ਸੀਲ ਢੰਗ ਨਾਲ ਨਿਆ ਪੁਰਵਕ ਖੰਡਨ ਕੀਤਾ ਹੈ। ਇਸ ਲਈ ਮੈਂ ਸੁਆਮੀ ਜੀ ਦੀ ਅਤੇ ਉਨ੍ਹਾਂ ਦੇ ਇਸ ਉੱਚ ਕੋਟੀ ਦੀ ਮਿਹਨਤ ਦੀ ਭਰਪੂਰ ਪ੍ਰਸ਼ੰਸਾ ਕਰਦਾ ਹਾਂ ਅਤੇ ਮੈਂ ਇਸ ਵਿਚਾਰ ਦਾ ਹਾਂ ਕਿ "ਸ਼੍ਰੀ ਗੁਰੂਗ੍ਰੰਥ ਸਾਹਿਬ" ਪ੍ਰਾਣੀ ਮਾਤ੍ਰ ਦੇ ਲਈ ਅਤਿਅੰਤ ਉਪਯੋਗੀ ਅਤੇ ਲਾਭਦਾਇਕ ਧਰਮ ਗ੍ਰੰਥ ਹੈ। ਦੁਖੀ ਜਨਤਾ ਨੂੰ ਮੇਰੀ ਵਿਨਮਰ ਬੇਨਤੀ ਹੈ ਕਿ ਸਮੂਹ ਸੱਜਣ ਮਨੁੰਖੀ ਸਮਾਜ ਦੇ ਇਸ ਅਤਿ ਉੱਤਮ ਗ੍ਰੰਥ ਦਾ ਅਧਿਅਨ ਕਰਕੇ ਪ੍ਰਾਚੀਨ ਕਾਲ ਤੋਂ ਚਲੀਆਂ ਰਹੀਆਂ ਅਨੇਕਾਂ ਕੁਰੀਤੀਆਂ, ਪਾਖੰਡ ਅੰਧਵਿਸ਼ਵਾਸ ਅਤੇ ਬੇਲੋੜੇ ਕਰਮ ਕਾਂਡ ਦਾ ਤਿਆਗ ਕਰਕੇ ਅਪਣੇ ਮਨੁੰਖੀ ਜੀਵਨ ਨੂੰ ਸਫਲ ਬਣਾਓ ਜੀ:-

## ਭੂਤਪੂਰਬ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਜੀ :-

Quoted by Mary Pat Fisher, Living Religious Prentice Hall 4th Edn. 1990, p. 401)

Dr. Radha Krishnan said that Guru Gobind Singh 'raised the Khalsa to defy religious intolerance, religious persecution and political inequality..... Those who grovelled in the dust rose, proud, defiant and invincible in the form of Khalsa. They bore all sufferings and unnameable tortures cheerfully and unflinchingly.... India is at long last free. This freedom is the crown and climax and logical corollary to the Sikhs Guru's and Khalsa's terrific sacrifices and heroic exploits.

## ਅਜ਼ਾਦੀ ਸੰਗ੍ਰਾਮੀ ਨੇਤਾ-ਪੰਡਿਤ ਮਦਨ ਮੋਹਨ ਮਾਲਵੀਆ

ਪੰਡਿਤ ਜੀ ਨੇ ਸਿੱਖ ਧਰਮ ਦਾ ਅਧਿਅਨ ਕਰਣ ਤੋਂ ਬਾਦ ਸਾਰੇ ਹਿੰਦੂਸਮਾਜ ਨੂੰ ਇਹ ਕਿਹਾ ਕਿ ਹਰ ਹਿੰਦੂਪਰਿਵਾਰ ਵਿਚ ਘਟ ਤੋਂ ਘਟ ਇਕ ਮੁੰਡੇ ਨੂੰ ਸਿੰਘ ਸਜਾਓ ਤਾਂ ਕਿ ਉਹ ਅਪਣੇ ਪਰਿਵਾਰ ਦੀ ਰਖਿਆ ਕਰ ਸਕਣ। ਉਨ੍ਹਾਂ ਨੇ ਸੰਤ ਅਤਰ ਸਿੰਘ ਜੀ ਪਾਸੋ ਬਨਾਰਸ ਹਿੰਦੂਯੂਨੀਵਰਸਟੀ ਦਾ ਨੀ-ਪੱਥਰ ਰਖਵਾਧਿਆਂ ਸੀ।

## ਮਹਾਤਮਾ ਗਾਂਧੀ

ਮਹਾਤਮਾ ਗਾਂਧੀ ਜੀ ਸਿੱਖਾਂ ਨੂੰ ਸੂਰਵੀਰ ਯੋਧੇ ਅਤੇ ਆਜ਼ਾਦੀ ਦੇ ਪਰਵਾਨੇ ਮੰਨਦੇ ਸਨ। ਗੁਰੂਕੇ ਬਾਗ ਮੋਰਚੇ ਦੀ ਜਿੱਤ ਤੇ ਉਨ੍ਹਾਂ 7 ਜਨਵਰੀ 1922 ਨੂੰ ਅਕਾਲੀ ਦਲ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਇਹ ਤਾਰ ਭੇਜੀ ਸੀ ਕਿ ਸੂਰਬੀਰ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਹੈ, ਜਿਸ ਨਾਲ ਭਾਰਤ ਵਾਸੀਆਂ ਦਾ ਸਿਰ ਉੱਚਾ ਹੋਇਆ ਹੈ।" ਉਨ੍ਹਾਂ ਨੇ ਨਨਕਾਣਾ ਸਾਹਿਬ ਦੇ ਸਾਕੇ (ਕਤਲੇਆਮ) ਨੂੰ ਅੰਗਰੇਜ ਸਰਕਾਰ ਦਾ ਇਕ ਬਹੁਤ ਭਾਰੀ ਅਤਿਆਚਾਰ ਦਸਿਆ ਸੀ।

## ਮਹਾਨ ਕਵੀ ਰਵਿੰਦਰ ਨਾਥ ਟੈਗੋਰ

ਇਹ ਮਹਾਪੁਰਖ ਗੁਰੁਬਾਣੀ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਇਨ੍ਹਾਂ ਨੇ ਗੁਰੁਬਾਣੀ ਦੇ ਅਨੇਕਾਂ ਸ਼ਬਦਾਂ ਦਾ ਅਨੁਵਾਦ ਬੰਗਾਲੀ ਭਾਸ਼ਾ ਵਿਚ ਕਰਕੇ ਅਪਣੀ ਪੁਸਤਕ **"ਗੀਤਾਂਜਲੀ"** ਵਿਚ ਸ਼ਾਮਿਲ ਕਰ ਲਏ। ਉਨ੍ਹਾਂ ਦਾ ਵਿਚਾਰ ਸੀ ਕਿ ਅੰਤਰ-ਰਾਸ਼ਟਰੀ ਗੀਤ ਗੁਰੁਨਾਨਕ ਸਾਹਿਬ ਵਲੋਂ ਪ੍ਰਭੂਦੇ ਆਦਰ ਵਿਚ ਜੋ ਆਰਤੀ ਉੱਚਾਰ ਕੀਤੀ ਗਈ ਹੈ **"ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ"** ਇਹ ਹੀ ਆਰਤੀ ਹੋਣੀ ਚਾਹਿਦੀ ਹੈ। ਉਨ੍ਹਾਂ ਨੇ ਗੁਰੂਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਾਜਨਾ ਨੂੰ ਬੇਮਿਸਾਲ ਦਸਿਆ ਅਤੇ ਗੁਰੂਗੋਬਿੰਦ ਸਿੰਘ ਜੀ ਦੀ ਪ੍ਰਸ਼ੰਸਾ ਵਿਚ ਕਈ ਕਵਿਤਾਵਾਂ ਵੀ ਅਪਣੀ ਪੁਸਤਕ ਵਿਚ ਲਿਖੀਆਂ ਹਨ।

## ਡਾ. ਭੀਮ ਰਾਓ ਅੰਬੇਦਕਰ (ਸਵੀਧਾਨ ਨਿਰਮਾਤਾ)

**ਡਾ. ਅੰਬੇਦਕਰ ਜੀ ਦਾ ਕਥਨ ਸੀ :-** ਸ਼੍ਰੀ ਗੁਰੂਗ੍ਰੰਥ ਸਾਹਿਬ ਮੇਰੇ ਲਈ ਅਧਿਆਤਮਿਕ ਮਾਰਗ ਦਰਸ਼ਕ (ਗਾਈਡ) ਹੈ। ਸ਼੍ਰੀ ਗੁਰੂਗ੍ਰੰਥ ਸਾਹਿਬ ਜੀ ਜਾਤਿ-ਪਾਤਿ ਅਤੇ ਹੋਰ ਭਿੰਨ ਭੇਦ ਤੋਂ ਰਹਿਤ ਮਾਨਵ ਸਮਾਜ (ਸੋਸਾਇਟੀ) ਨੂੰ ਮਾਨਤਾ ਦੇਂਦੇ ਹਨ। ਮੈਂ ਸਮਝਦਾ ਹਾਂ ਕਿ ਜੋ ਕੁਝ ਮੇਰੇ ਲਈ ਅੱਛਾ ਹੈ ਓਹ ਮੇਰੇ ਸਾਰੇ ਭਰਾਵਾਂ ਦੇ ਲਈ ਵੀ ਅੱਛਾ ਹੈ। ਸਨ 1935 ਈ. ਵਿਚ ਗੁਰਮਤਿ ਪ੍ਰਚਾਰ ਕਾਨਫ੍ਰੰਸ ਤੋਂ ਪ੍ਰਭਾਵਿਤ ਹੋਕੇ ਉਹ ਸਿੰਘ ਸਜਣਾ ਚਾਹੁੰਦੇ ਸਨ। ਸਿੱਖੀ ਅਸੂਲਾਂ ਦੀ ਮਾਨਵਤਾ ਪ੍ਰਤਿ ਵਿਸ਼ਾਲ ਉਦਾਰਤਾ ਦੇ ਪਾਸਾਰ ਦੇ ਲਈ ਉਨ੍ਹਾਂ ਨੇ ਨਿਜੀ ਦਿਲਚਸਪੀ ਲੈ ਕੇ ਮੁੰਬਈ ਨਗਰ ਵਿਚ ਖਾਲਸਾ ਕਾਲਜ ਖੁਲ੍ਹਵਾਇਆ ਅਤੇ ਸਭ ਤੋਂ ਪਹਿਲਾ ਅਪਣੇ ਦੋ ਭਤੀਜਿਆਂ ਨੂੰ ਖਾਲਸਾ ਕਾਲਜ ਅਮ੍ਰਿਤਸਰ ਵਿਚ ਦਾਖਿਲ ਕਰਵਾਇਆ।

## ਡਾ. ਮੁਹੰਮਦ ਇਕਬਾਲ

ਪੰਜਾਬ ਦੇ ਪ੍ਰਸਿਦ ਸ਼ਾਇਰ ਮੌਲਾਨਾ ਇਕਬਾਲ ਦੇ ਮਨ ਵਿਚ ਗੁਰੂਨਾਨਕ ਦੇਵ ਜੀ ਮਹਾਰਾਜ ਪ੍ਰਤਿ ਅਥਾਹ ਸਰਧਾ ਅਤੇ ਪਿਆਰ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂਨਾਨਕ ਸਾਹਿਬ ਦਾ ਇਸ ਸੰਸਾਰ ਵਿਚ ਆਗਮਨ ਕਿਸੀ ਪ੍ਰਕਾਰ ਤੋਂ ਵੀ ਪੈਗ਼ੰਬਰ ਇਬਰਾਹੀਮ ਤੋਂ ਘਟ ਮੱਹਤਵ ਵਾਲਾ ਨਹੀਂ ਹੈ ਜੋ **5000** ਸਾਲ ਪਹਿਲਾ ਪਧਾਰੇ ਸਨ। ਉਹ ਅਗੇ ਲਿਖਦੇ ਹਨ ਕਿ ਉਨ੍ਹਾਂ ਵਿਚ ਇਲਾਹੀ ਸ਼ਕਤੀ ਸੀ ਕਿ ਉਹ ਹਰ ਮਜ਼ਹਬ ਜਾਤਿ, ਕੌਮ ਦੇ ਲੋਕਾਂ ਨੂੰ ਅਪਣੇ ਇਸ਼ਵਰੀ ਪਿਆਰ ਦੀ ਕਸ਼ੀਸ਼ ਵਿਚ ਜਿੱਤ ਲੈਂਦੇ ਸਨ ਅਤੇ ਸਤਿ ਦੇ ਮਾਰਗ ਤੇ ਚਲਣੇ ਦਾ ਉਪਦੇਸ਼ ਦੇਂਦੇ ਸਨ ਸਈਯਦ ਰਬੀਬ ਸ਼ਾਹ ਇਨ੍ਹਾਂ ਦਾ ਦੋਸਤ ਸੀ ਉਸ ਨੇ ਗੁਰੂਨਾਨਕ ਸਾਹਿਬ ਜੀ ਦੀ **"ਜਪੁ ਜੀ"** ਬਾਣੀ ਦਾ ਉਰਦੂ ਵਿਚ ਅਨੁਵਾਦ ਕਰਨ ਦਾ ਮਨ ਬਣਾਇਆ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਇਕ ਚਿਠੀ ਲਿਖ ਕੇ ਕਿਹਾ ਕਿ ਖੁਦਾ ਤੋਂ ਪਹਿਲਾਂ ਇਹ ਸ਼ਕਤੀ ਮੰਗਣਾ ਕਿ ਉਹ ਤੁਸਾਂ ਨੂੰ ਐਸੀ ਸ਼ਕਤੀ ਪ੍ਰਦਾਨ ਕਰੇ ਕਿ ਆਪ ਜੀ ਇਹ ਕਾਰਜ ਨੂੰ ਬਿਨਾਂ ਪੱਖ-ਪਾਤ ਕੀਤੀਆਂ ਸੰਪੂਰਣ ਕਰ ਸਕੋ।

## ਮੌਲਵੀ ਗੁਲਾਮ ਅੱਲੀ

ਬਾਦਸ਼ਾਹ ਔਰੰਗਜੇਬ ਦੇ ਪੋਤੇ ਫਰਖਸ਼ਅਰ ਦਾ ਦਰਬਾਰੀ ਅਪਣੀ ਪੁਸਤਕ "ਤਵਾਰੀਖ ਮੁਹਬਤੇ ਆਜਸ" ਵਿਚ ਲਿਖਦਾ ਹੈ ਫਿਰ ਗੁਰੂਨਾਨਕ ਦੇਵ ਜੀ ਦੇ ਉਪਦੇਸ਼ਾਂ ਨਾਲ ਪੱਥਰ ਦਿਲ ਵੀ ਮੋਮ ਹੋ ਜਾਂਦੇ ਹਨ। ਜੋ ਵੀ ਗਿਆਨ, ਹੁਨਰ, ਤੌਰ ਤਰੀਕੇ ਅਤੇ ਅਲੌਕਿਕ ਦੈਵੀ ਗੁਣ, ਜਿਨ੍ਹਾਂ ਨੂੰ ਕਮਾ ਕੇ ਪੈਗ਼ੰਬਰੀ ਰੁਤਬੇ ਤਕ ਪਹੁੰਚਿਆ ਜਾ ਸਕਦਾ ਹੈ, ਬਿਨ੍ਹਾਂ ਗੁਰੂਨਾਨਕ ਦੇਵ ਜੀ ਦੇ ਖੁਦਾ ਨੇ ਹੋਰ ਕਿਸੀ ਨੂੰ ਨਹੀਂ ਦਿਤਾ (ਬਖਸ਼ਿਆ)। ਭਰੋਸਾਂ ਪੂਰਾ ਹੈ ਕਿ ਹਿੰਦੂ-ਮੁਸਲਮਾਨ ਦੋਨ੍ਹਾਂ ਧਰਮਾਂ ਵਿਚੋਂ ਦੁਵੈਤ ਵਾਦ ਦੂਰ ਕਰਕੇ ਇਕ ਵਖਰਾ (ਨਿਆਰਾ) ਸਿੱਖ ਧਰਮ ਹੀ ਬਣ ਜਾਏਗਾ ਕਿਉਂਕਿ ਨਿਮਾਜ਼, ਰੋਜ਼ਾ, ਸੁੰਨਤ, ਕਾਹਬਾ, ਬੁਤ ਪ੍ਰਸਤੀ, ਛੁਤ-ਛਾਤ, ਜਨੇਉ ਧਾਰਣ ਕਰਣਾਂ, ਜਾਤਿ-ਪਾਤਿ ਅਤੇ ਅਮੀਰੀ-ਗਰੀਬੀ ਇਸ ਮਜ਼ਹਬ ਵਿਚ ਹੈ ਹੀ ਨਹੀਂ। ਇਸ ਲਈ ਇਹ ਧਰਮ ਸਭ ਦੀ ਪਸੰਦ ਹੈ ਅਤੇ ਸਰਵ ਸ਼੍ਰੇਸ਼ਟ ਹੈ।

## ਪਾਕਿਸਤਾਨੀ ਜਨਰਲ ਮੁਕੀਸ਼ ਖਾਨ :-

ਅਪਣੀ ਪੁਸਤਕ Crisis of Leadership ਵਿਚ ਲਿਖਦਾ ਹੈ। ਸੰਨ 1971 ਈ. ਦੀ ਹਿੰਦੁਸਤਾਨ ਪਾਕਿਸਤਾਨ ਦੀ ਲੜਾਈ ਵਿਚ ਸਿੱਖਾਂ ਦੀ ਬਹਾਦੁਰੀ ਦੇ ਲਈ ਕਹਿੰਦਾ ਹੈ ਕਿ ਸਾਡੀ ਹਾਰ ਦਾ ਵਡਾ ਕਾਰਣ ਸਿੱਖਾ ਦੀ ਫੌਜ ਦਾ ਸਾਹਮਣਾ ਹੋਣਾ ਹੈ ਓਹ ਫੌਜੀ ਮੌਤ ਤੋਂ ਨਹੀਂ ਡਰਦੇ ਕਿਉਂਕਿ ਸ਼ਹੀਦ ਹੋਣ ਦਾ ਜਜ਼ਬਾ ਰਖਦੇ ਹਨ। ਇਸ ਲਈ ਉਨ੍ਹਾਂ ਸ਼ੂਰਬੀਰਾਂ ਦੇ ਸਾਮਣੇ ਸਾਡੀ ਕੋਈ ਪੇਸ਼ ਨਹੀਂ ਗਈ। ਸਿੱਖ ਬਹੁਤ ਬਹਾਦਰ ਕੌਮ ਹੈ ਅਤੇ ਸ਼ਹੀਦੀ ਪਾਉਂਣ ਦੇ ਲਈ ਬੇਪਨਾਹ ਸ਼ੌਕ ਰਖਦੇ ਹਨ। ਇਹ ਅਪਣੇ ਤੋਂ ਕਈ ਗੁਣਾਂ ਜ਼ਿਆਦਾ ਦੁਸ਼ਮਣ ਫੌਜ ਨੂੰ ਹਰਾਉਂਣ ਦੀ ਸ਼ਕਤੀ ਰਖਦੇ ਹਨ।

## ਡਾ. ਮੁਹਮਦ ਯੁਸਫ ਅੱਬਾਸੀ :

ਆਪ ਕਾਇਦੇ-ਆਜ਼ਮ ਯੂਨੀਵਰਸਿਟੀ ਇਸਲਾਮਾਬਾਦ ਪਾਕਿਸਤਾਨ ਦੇ ਇਤਿਹਾਸ ਵਿਭਾਗ ਦੇ ਭੂਤਪੂਰਵਿਕ (ਸਾਬਕਾ) ਮੁਖੀ ਹਨ। ਆਪ ਜੀ ਸ਼੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਵਿਸ਼ੇ 'ਚ ਲਿਖਦੇ ਹਨ ਕਿ ਇਹ ਗ੍ਰੰਥ ਵਿਸ਼ਵ ਗਿਆਨ ਦਾ ਖ਼ਜ਼ਾਨਾ ਹੈ। ਗੁਰੂਬਾਣੀ ਗਿਆਨ ਤਾਂ ਵਿਸ਼ਾਲ ਸਮੁੰਦਰ ਹੈ ਜਿਥੇ ਹਰਇਕ ਜਗਿਆਸੂ ਨੂੰ ਮਨ ਭਾਉਂਦੇ ਰਤਨ, ਜਵਾਹਰਾਤ, ਹੀਰੇ ਮੋਤੀ ਮਿਲ ਸਕਦੇ ਹਨ। ਅੱਜ ਸੰਸਾਰ ਨੂੰ ਇਕ ਧੁਰੇ (ਕੇਂਦਰ ਬਿੰਦੁ) ਨਾਲ ਜੋੜਨ ਦੀ ਅਤਿ ਜਰੂਰਤ ਹੈ ਇਸ ਕਾਰਜ ਲਈ ਗੁਰੂਬਾਣੀ ਸਾਡਾ ਮਾਰਗ ਦਰਸ਼ਨ ਕਰਦੀ ਹੈ।

## ਗੁਲਾਮ ਜਿਲਾਨੀ 'ਜਾਸ਼ੂਸ'

ਇਹ ਇਕ ਇਤਿਹਾਸਕਾਰ ਹੈ। ਇਨ੍ਹਾਂ ਨੇ ਅਪਣੀ ਪੁਸਤਕ 'ਜੰਗਨਾਮਾ ਮੁਲਤਾਨ' ਵਿਚ ਲਿਖਿਆ ਹੈ ਕਿ ਮੈਂ ਸੰਨ 1817 ਈ. ਵਿਚ ਇਕ ਸਿੱਖ ਫੌਜੀ ਦੇ ਭੇਸ ਵਿਚ ਜਾਸੂਸੀ ਦੇ ਲਈ ਮੁਗਲ ਫੌਜ ਵਲੋਂ ਘੁਮ ਫਿਰ ਰਿਹਾ ਸੀ ਉਸ ਸਮੇਂ ਘਮਾਸਾਨ ਦੀ ਜੰਗ ਹੋ ਰਹੀ ਸੀ। ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਇਕ ਵਡੀ ਤੋਪ ਦਾ ਪਹੀਆ ਟੁਟ ਗਿਆ ਹੁਣ ਮੁਲਤਾਨ ਦਾ ਕਿਲ੍ਹਾ ਫਤਹਿ ਹੋਣਾ ਮੁਸ਼ਕਿਲ ਹੋ ਗਿਆ ਪਰ ਸਿੱਖਾਂ ਨੇ ਗੁਰੂ ਦਾ ਨਾਂ ਲੈਕੇ ਤੋਪ ਨੂੰ ਪਹੀਏ ਦੀ ਥਾਂ ਅਪਣਾ ਮੋਡਾ ਦੇਣਾ ਸ਼ੁਰੂਕਰ ਦਿਤਾ। ਜਦੋਂ ਤੋਪ ਚਲਦੀ ਤਾਂ ਉਸ ਸਿੱਖ ਦੇ ਪੜਖਚੇ ਉਡ ਜਾਂਦੇ। ਇਸ ਗੱਲ ਦੀ ਪ੍ਰਵਾਹ ਨ ਕਰਦੇ ਹੋਏ ਪਹੀਏ ਦੀ ਥਾਂ ਮੌਡਾ ਦੇਣ ਵਾਲੇ ਸਿੱਖਾਂ ਦੀ ਕਤਾਰ ਲਗੀ ਹੋਈ ਸੀ। ਇਨ੍ਹਾਂ ਦੀ ਬਹਾਦੁਰੀ ਵੇਖ ਕੇ ਮੇਰਾ ਵੀ ਮੋਡਾ ਦੇਣ ਦਾ ਮਨ ਬਣ ਗਿਆ ਪਰੰਤੁ ਮੈਂ ਮੋਡਾ ਨਹੀਂ ਦਿਤਾ, ਉਹ ਇਸ ਲਈ ਕਿ ਮੇਰੇ ਮਰਣ ਤੋਂ ਬਾਦ ਇਨ੍ਹਾਂ ਯੋਧੀਆਂ ਦੀ ਵੀਰ ਗਾਥਾ ਦਾ ਇਤਿਆਸ ਕੌਣ ਲਿਖੇਗਾ?

**ਕਾਜ਼ੀ ਨੂੰਰ ਮੁਹਮਦ, - ਅਹਿਮਦ ਸ਼ਾਹ ਅਬਦਾਲੀ ਦਾ-ਇਤਿਹਾਸ ਲਿਖਾਰੀ**

ਆਪ ਸਿੱਖਾਂ ਦੀ ਬਹੁਮੁਖੀ ਪ੍ਰਤਿਭਾ ਅਤੇ ਇਖਲਾਕੀ ਜੀਵਨ ਚਿੱਤਰਾ ਦੇ ਸ਼ੁਭ ਗੁਣਾਂ ਦਾ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਸਿੱਖਾਂ ਨੇ ਕਦੇ ਚੋਰੀ ਕਰਣੀ ਤਾਂ ਸਿਖੀ ਹੀ ਨਹੀਂ ਅਤੇ ਨਾਹੀਂ ਕਿਸੀ ਧੀ-ਭੈਣ ਦੀ ਇਜ਼ਤ

(ਪੱਤ) ਤੇ ਹਥ ਪਾਉਂਦੇ ਹਨ। ਐਸਾ ਕਰਨਾ ਇਨ੍ਹਾਂ ਦੇ ਧਰਮ ਵਿਚ ਸਖਤ ਮਨਾਈ ਹੈ। ਹਰ ਸਿੱਖ ਇਨ੍ਹਾਂ ਅਸੂਲਾਂ ਦਾ ਗੁਰੂ ਹੁਕਮ ਜਾਣ ਕੇ ਸਖ਼ਤੀ ਨਾਲ ਪਾਲਨ ਕਰਦਾ ਹੈ। ਇਹ ਲੋਕ ਅਪਣੇ ਉੱਚੇ ਆਚਰਣ ਦੇ ਕਾਰਣ ਕਿਸੇ ਕਾਮੀ ਅਤੇ ਲੁਟੇਰੇ ਦੀ ਕਦੇ ਵੀ ਸੰਗਤ ਨਹੀਂ ਕਰਦੇ। ਦੁਸ਼ਮਨ ਦੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਮਾਰਨਾ ਭਾਰੀ ਅਪਰਾਧ ਹੀ ਨਹੀਂ ਸਮਝਦੇ ਬਲਕਿ ਉਨ੍ਹਾਂ ਦੀ ਰਖਿਆ ਦੇ ਪੂਰੇ ਉਪਰਾਲੇ ਕਰਦੇ ਹਨ। ਇਸ ਲੇਖਕ ਨੇ ਸਿੱਖਾਂ ਨੂੰ ਪਹਿਲਾ ਕੁੱਤੇ ਕਰਕੇ ਲਿਖਿਆਂ ਸੀ, ਪਰੰਤੂ ਜਦੋਂ ਉਸ ਨੇ ਸਿੱਖਾਂ ਨੂੰ ਰਣ ਤੱਤੇ ਵਿਚ ਜੂਝਦਿਆਂ ਵੇਖਿਆਂ ਤਾਂ ਅਪਣੀ ਕਲਮ ਤੋਂ ਹੀ ਲਿਖਦਾ ਹੈ, ਇਨ੍ਹਾਂ ਸਿੱਖਾਂ ਨੂੰ ਕੁੱਤੇ ਕਹਿਣਾ ਵਡੀ ਭੁੱਲ ਹੋਵੇਗੀ, ਇਹ ਤਾਂ ਸ਼ੇਰ ਹਨ।

## ਸਾਈ ਬੁੱਲੇ ਸ਼ਾਹ 'ਫਕੀਰ'

ਉਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤੀਭਾਂ ਤੋਂ ਇੰਨੇ ਪ੍ਰਭਾਵਿਤ ਸਨ ਕਿ ਉਨ੍ਹਾਂ ਹੇਠ ਲਿਖਿਆ ਸਤਰਾਂ ਲਿਖਿਆਂ।

**ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ, ਬਾਤ ਕਹੂੰ ਮੈਂ ਜਬ ਕੀ ॥**

**ਅਗਰ ਨ ਹੋਤੇ ਗੁਰੂਗੋਬਿੰਦ ਸਿੰਘ ਤੋਂ ਸੁਨਤ ਹੋਤੀ ਸਬ ਕੀ॥**

## ਆਰਨੋਲਡ ਤਿਆਨਬੀ

20ਵੀਂ ਸਦੀਂ ਦੇ ਹਰਮਨ ਪਿਆਰੇ ਅੰਗ੍ਰੇਜ਼ ਇਤਿਹਾਸਕਾਰ ਜਿਸ ਨੇ ਸਾਰੀ ਮਨੁੱਖਤਾ ਦਾ ਇਤਿਹਾਸ ਵੀਹ ਜਿਲਦਾਂ ਵਿਚ ਕਲਮ ਬੰਦ ਕੀਤਾ ਹੈ, ਉਸ ਵਿਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਹੁਤ ਹੀ ਸਰਵੋਤਮ ਦਰਜੇ ਦਾ ਇੱਲਾਹੀ ਸ਼ਖ਼ਸ਼ੀਅਤ ਦਰਸਾਇਆ ਹੈ। ਉਹ ਬੜੀ ਭਾਵੁਕਤਾ ਅਤੇ ਸਰਧਾ ਦੇ ਨਾਲ ਲਿਖਦਾ ਹੈ ਕਿ ਗੁਰੂਸਾਹਿਬ ਨੇ ਜਿਸ ਖਾਲਸੇ ਦੀ ਸਿਰਜਨਾ ਕੀਤੀ ਇਸ ਤੋਂ ਜਿਆਦਾ ਉੱਤਮ ਇਨਸਾਨ ਦਾ ਇਸ ਦੁਨੀਆਂ ਵਿਚ ਹੋਣਾ ਅਸੰਭਵ ਹੈ।

ਜਦੋਂ ਪੱਛਮੀ ਸੰਗਠਨਾਂ ਅਤੇ ਯੂ. ਏਨ. ਓ. (UNO) ਨੂੰ ਗੁਰੂਗ੍ਰੰਥ ਸਾਹਿਬ ਜੀ ਦੇ ਇੱਲਾਹੀ ਉਪਦੇਸ਼ਾਂ ਦਾ ਗਿਆਨ ਹੋਇਆ ਤਾਂ ਉਨ੍ਹਾਂ ਨੇ ਕੁਝ ਬਾਣੀਆਂ ਦਾ ਅਪਣੀ ਸਮਝ ਦੇ ਅਨੁਸਾਰ ਅੰਗ੍ਰੇਜ਼ੀ ਅਤੇ ਹੋਰ ਦੁਜੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ। ਇਸ ਪੁਸਤਕ ਦੇ ਮੁਖਬੰਧ ਨੂੰ ਲਿਖਣ ਦੇ ਲਈ ਉਨ੍ਹਾਂ ਨੂੰ ਤਿਹਾਨਬੀ ਜੀ ਤੋਂ ਜ਼ਿਆਦਾ ਸੂਝਵਾਨ ਅਤੇ ਪਤਵੰਤਾ ਸੱਜਣ ਨਾ ਮਿਲਿਆ ਕਿਉਂਕਿ ਇਨ੍ਹਾਂ ਨੇ ਸਾਰੇ ਧਰਮਾਂ ਅਤੇ ਸਮਾਜ ਦੀ ਬੜੀ ਰਾਹਗਈ ਨਾਲ ਪੜਚੋਲ ਕੀਤੀ ਹੋਈ ਸੀ। ਉਨ੍ਹਾਂ ਨੇ ਇਸ ਪੁਸਤਕ ਦੇ ਮੁਖਬੰਦ ਤੇ ਵਿਸ਼ੇਸ ਤੌਰ ਤੇ ਲਿਖਿਆਂ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਸ੍ਰਿਸ਼ਟੀ ਦੇ ਭਲੇ ਦੇ ਲਈ ਨਵੇਂ ਸਰਵੋਤਮ ਮਾਰਗ ਦਰਸ਼ਕ ਹਨ। ਸ਼੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਨਾਮ ਮਾਰਗ ਵਿਚ ਕਰਮ ਮਾਰਗ ਅਤੇ ਗਿਆਨ ਮਾਰਗ ਦੇ ਸ਼ੁਭ ਗੁਣਾਂ ਦੇ ਬਾਵਜੂਦ, ਪਰਮ ਪਿਤਾ ਪਰਮੇਸ਼ਵਰ ਨੂੰ ਇਕ ਵਿੱਅਕਤੀ ਨਾ ਦਰਸ਼ਾ ਕੇ ਨਾਮ ਅਤੇ ਸ਼ਬਦ ਰੂਪ ਵਿਚ ਹੀ ਦਰਸਾਇਆ ਗਿਆ ਹੈ। ਭਾਵ ਇਹ ਕਿ ਪ੍ਰਭੂਇਕ ਵਿਅਕਤੀ ਨਹੀਂ ਇਕ ਸ਼ਕਤੀ ਹੈ।

ਉਹ ਅਪਣੀ ਪੁਸਤਕ Sacred writing of the sikhs-A-unesco Publication ਵਿਚ ਇਹ ਵਰਣਨ ਕਰਦੇ ਹਨ "ਭਾਵਿਖ ਵਿਚ ਮਾਨਵਤਾ ਦੀ ਆਸਥਾ ਧਰਮ ਵਿਚ ਹੋਣੀ ਧੁੰਧਲੀ ਅਤੇ ਖ਼ਤਰੇ ਵਿਚ ਜਾਪ ਰਹੀ ਹੈ। ਪਰ ਫਿਰ ਵੀ ਇਸ ਸਬ ਦੇ ਬਾਵਜੂਦ ਭਵਿਖ ਵਿਚ ਸਿੱਖ ਧਰਮ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਐਸੀ ਵਡੀਆਈ ਹੈ ਉਨ੍ਹਾਂ ਦਾ ਇੱਲਾਹਈ ਉਪਦੇਸ਼ ਜੋ ਸਾਰੀ ਮਨੁੱਖਤਾ ਨੂੰ ਪਰਮਾਰਥੀ ਜੀਵਨ ਜੀਣ ਲਈ ਸੇਧ ਦੇ ਸਕਦਾ ਹੈ।"

ਤਿਆਨਬੀ ਨੇ ਹੋਰ ਵੀ ਸਪਸ਼ਟ ਕੀਤਾ ਹੈ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਇਆ ਗਿਆ ਸਿੱਖੀ ਮਾਰਗ ਸਰਵਸਰੇਸ਼ਟ ਹੈ। ਇਸ ਵਿਚ ਮਨੁੰਖ ਗ੍ਰਹਿਸਤੀ ਜੀਵਨ ਲਈ ਗੁਰਮਤਿ ਰਹਿਣੀ-ਬਹਿਣੀ ਅਨੁਸਾਰ ਪ੍ਰਮਾਤਮਾ ਵਿਚ ਲੀਨ ਹੋਣ ਦੀ ਸਕਤੀ ਪ੍ਰਾਪਤ ਕਰ ਲੈਂਦਾ ਹੈ। ਉਹ ਸੰਸਾਰਿਕ ਕਾਰ-ਵਿਵਹਾਰ ਕਰਦੇ ਹੋਏ ਵੀ ਇਕ ਸੰਨਿਆਸੀ ਹੈ ਕਿਉਂਕਿ ਉਹ ਲੋਕ ਅਪਣੀ ਦਸਾਂ ਨੌਹਾ ਦੀ ਕਿਰਤ-ਵਿਰਤ (ਸੁੱਚੀ ਕਮਾਈ) ਗੁਰੂਨੂੰ ਹਾਜ਼ਰ ਸਮਝ ਕੇ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਅਪਣਾ ਜੀਵਨ ਢਾਲ ਕੇ ਪ੍ਰਭੂਚਰਨਾਂ ਵਿਚ ਸੰਮਾਂ ਜਾਂਦਾ ਹੈ। ਇਸ ਤਰ੍ਹਾਂ ਸਾਹਿਬ ਗੁਰੁਗੋਬਿੰਦ ਸਿੰਘ ਜੀ ਲੈਨਿਨ। ਰੂਸ ਦਾ ਬਹੁਤ ਵਡਾ ਸਮਾਜਵਾਦੀ ਨੇਤਾ) ਤੋਂ ਵੀ ਦੋ ਸਦੀਆਂ ਪਹਿਲਾ ਇਸ ਕਾਰਜ ਨੂੰ ਬਿਨਾਂ ਡਰਾਉਣ-ਧਮਕਾਉਣ ਯਾ ਖੁਨ-ਖਰਾਬੇ ਦੇ, ਪਿਆਰ ਅਤੇ ਮਨ ਜਿਤ ਕੇ ਮਨੁੱਖਤਾਂ ਨੂੰ ਇਕ ਆਦਰਸ਼ ਮਾਰਗ ਦਰਸਾਇਆ ਹੈ।

ਤਿਆਨਵੀ ਲਿਖਦੇ ਹਨ ਕਿ ਉਨ੍ਹਾਂ ਨੂੰ ਇਕ ਅਮਰੀਕਨ ਬੀਬੀ (ਤੀਵੀ) ਨੇ ਪੁਛਿਆ ਕਿ ਆਪ ਦੁਨੀਆਂ ਦੇ ਸਾਰੇ ਧਰਮਾਂ ਦੇ ਇਨਸਾਨੀ ਨੂੰ ਮਿਲੇ ਹੋ ਅਤੇ ਉਨ੍ਹਾਂ ਦੀਆਂ ਰਹੁ-ਰੀਤਾਂ ਅਤੇ ਧਾਰਮਿਕ ਕਦਰਾਂ ਕੀਮਤਾਂ ਨੂੰ ਜਾਨਿਆ ਹੈ ਅਤੇ ਉਨ੍ਹਾਂ ਦੀ ਰਹਿਣੀ-ਬੈਣੀ ਨੂੰ ਕਲਮ ਬੰਦ ਕੀਤਾ ਹੈ। ਇਸ ਲਈ ਤੁਸੀ ਅਪਣੇ ਤਜਰਬੇ ਦੇ ਆਧਾਰ ਤੇ ਮੈਂਨੂੰ ਦਸ ਸਕਦੇ ਹੋ ਕਿ ਸਾਰੀ ਸ੍ਰਿਸ਼ਟੀ ਵਿਚ ਸਬ ਤੋਂ ਸੁੰਦਰ ਮਨੁੱਖ ਕੌਣ ਹੈ? ਇਸ ਦੇ ਉੱਤਰ ਵਿਚ ਉਨ੍ਹਾਂ ਕਿਹਾ "ਖੁਲ੍ਹੀ ਦਾੜੀ ਵਾਲਾ ਪੂਰਨ ਗੁਰਸਿੱਖ। ਇਹ ਸੁਣ ਕੇ ਉਹ ਬਹੁਤ ਹੈਰਾਨ ਹੋਈ। ਇਸ ਉਪਰੰਤ ਉਸ ਮੁੜ ਪੁਛਿਆ ਕਿ ਤੁਹਾਡੇ ਵਿਚਾਰ ਅਨੁਸਾਰ ਸਬ ਤੋਂ ਬਦਸੂਰਤ ਮਨੁੱਖ ਕੌਣ ਹੈ? ਤਾਂ ਉਨ੍ਹਾਂ ਨੇ ਝਟ ਉੱਤਰ ਦਿਤਾ ਕਿ ਦਾੜੀ ਕੱਟਣ ਵਾਲਾ ਸਿੱਖ। ਇਹ ਸੁਣਕੇ ਅਮਰੀਕਨ ਇਸਤਰੀ ਹੋਰ ਵੀ ਹੈਰਾਨ ਹੋ ਗਈ। ਇਸ ਤਰ੍ਹਾਂ ਉਸ ਇਸਤਰੀ ਨੇ ਸਿੱਖ ਧਰਮ ਬਾਰੇ ਅਧਿਅਨ ਕਰਣਾ ਸ਼ੂਰ ਕਰ ਦਿਤਾ।

## ਮਿਸ ਮੈਰੀ

ਅੰਗ੍ਰੇਜ਼ਾ ਨੇ ਸਿੱਖ ਫੌਜੀਆਂ ਦੀ ਵੀਰਤਾ ਦੇਖ ਕੇ ਸਿੱਖ ਸਮਾਜ ਅਤੇ ਸਿੱਖ ਸਿੱਧਾਂਤਾ ਦਾ ਗਹਨ ਅਧਿਅਨ ਕਰਣ ਲਈ 'ਮਿਸ ਮੈਰੀ' ਨਾਂ ਦੀ ਇਕ ਇਸਤਰੀ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚ ਖੋਟ ਮਿਲਾ ਕੇ ਇਸ ਫਲਸਫੇ ਨੂੰ ਮਿਲਗੋਬਾ ਬਣਾਉਣ ਲਈ ਨਿਯੁਕਤ ਕੀਤਾ ਤਾਂਕਿ ਸਿੱਖੀ ਨਿਆਰੀ ਨਾ ਹੋਕੇ ਦੁਵਿਧਾ ਵਾਲੀ ਜੀਵਨ ਸ਼ੈਲੀ ਬਣਜਾਵੇ ਇਸ ਤਰ੍ਹਾਂ ਸਾਧਾਰਣ ਸਿੱਖਾਂ ਨੂੰ ਵਰਗਲਾ ਕੇ ਕ੍ਰਿਸ਼ਚਨ ਬਣਾਇਆ ਜਾ ਸਕੇ। ਪਰੰਤੂ ਜਦੋਂ ਇਸ

ਇਸਤਰੀ ਨੇ ਗੁਰਬਾਣੀ, ਸਿੱਖ ਇਤਿਆਸ ਅਤੇ ਸਿੱਖ ਸਿੱਧਾਂਤਾਂ ਨੂੰ ਖੋਟ ਮਿਲਾਉਣ ਲਈ ਪੜ੍ਹਿਆਂ ਤਾਂ ਉਹ ਇਤਨੀ ਪ੍ਰਭਾਵਿਤ ਹੋਈ ਕਿ ਉਹ ਖੁਦ ਸਿੰਘਣੀ ਸੱਜ ਗਈ।

## ਮਿਲਟਨ ਫਰਾਈਡ ਮੈਨ

ਇਸ ਮਾਹਾ ਵਿਦਵਾਨ ਨੇ ਸਿੱਖਾਂ ਦੀ ਜੀਵਨ ਸ਼ੈਲੀ ਨੂੰ ਵੇਖਕੇ ਆਖਿਆ ਸਿੱਖ ਭਾਰਤ ਦੀ ਭੁਖ ਮਿਟਾਉਂਦਾ ਹੈ ਅਤੇ ਉਸ ਦੀ ਸੀਮਾਵਾਂ ਦੀ ਰਖਿਆ ਵੀ ਕਰਦਾ ਹੈ। ਭਾਰਤ ਨੂੰ ਅਜ਼ਾਦ ਕਰਵਾਉਂਣ ਲਈ ਮੁਖ ਭੁਮਿਕਾ ਵੀ ਇਨ੍ਹਾਂ ਨੇ ਹੀ ਨਿਭਾਈ ਹੈ ਕਿਉਂਕਿ ਸਰਕਾਰੀ ਰਿਕਾਡ ਵਿਚ 80 ਪ੍ਰਤਿਸ਼ਤ ਇਨ੍ਹਾਂ ਦੀ ਕੁਰਬਾਨੀਆ ਹਨ। ਅਧਿਆਤਮਿਕ ਰੂਪ ਵਿਚ ਵੀ ਸੱਚੇ-ਸੁਚੇ ਇਮਾਨਦਾਰ ਹਨ। ਮਿਲਟਨ ਫਰਾਈਡ ਮੈਨ ਅਗੇ ਲਿਖਦੇ ਹਨ, ਜੇਕਰ ਭਾਰਤ ਸਰਕਾਰ ਚਲਾਉਣ ਦਾ ਅਧਿਕਾਰ ਇਨ੍ਹਾਂ ਨੂੰ ਸੋਂਪ ਦਿਤਾ ਜਾਵੇ ਤਾਂ ਫਿਰ ਨਾ ਤਾਂ ਵਿਕਾਸ ਦੀ ਕੋਈ ਸਮਸਿਆ ਰਹੇਗੀ ਅਤੇ ਨਾ ਹੀ ਗਰੀਬੀ ਦੀ। ਇਥੋ ਤਕ ਕਿ ਹਰ ਤਰ੍ਹਾਂ ਦੇ ਬਾਹਰੀ ਹਮਲਿਆਂ ਦੀ ਵੀ ਚਿੰਤਾ ਖਤਮ ਹੋ ਜਾਵੇਗੀ।(ਪੁਸਤਕ ਸਿੱਖ ਜੀਵਨ ਜਾਚ ਤੋਂ ਲਿਆ ਗਿਆ)

## ਬਾਦਸ਼ਾਹ ਅਕਬਰ

ਸ਼੍ਰੀ ਗੁਰੁਅਮਰ ਦਾਸ ਜੀ ਨੇ ਸ਼੍ਰੀ ਗੁਰੂਨਾਨਕ ਦੇਵ ਜੀ ਦੀ ਤਰਫੋ ਵੀਹ ਰੁਪਿਆ ਨਾਲ ਚਲਾਈ ਲੰਗਰ ਪ੍ਰਥਾ ਨੂੰ ਸਦੀਵੀ ਮਰਿੰਆਦਾ ਵਿਚ ਬਦਲਿਆ। ਆਪ ਜੀ ਨੇ ਜਿੱਥੇ ਸਿੱਖੀ ਪਰਚਾਰ ਲਈ 22 ਮੰਜੀਆਂ ਅਤੇ 52 ਪੀੜੇ ਸਥਾਪਿਤ ਕੀਤੇ ਉਥੇ ਆਪ ਜੀ ਨੇ ਲੰਗਰ ਦੀ ਮਰਿਆਦਾ ਨੂੰ ਵੀ ਹੋਰ ਦ੍ਰਿੜ ਕਰਣ ਲਈ ਸੰਗਤ ਅਤੇ ਪੰਗਤ ਨੂੰ ਜਰੂਰੀ ਕਰ ਦਿਤਾ। ਬਿਨ੍ਹਾਂ ਲੰਗਰ ਛੱਕੇ ਗੁਰੂਦਰਬਾਰ ਵਿਚ ਹਾਜ਼ਰੀ ਤੇ ਪ੍ਰਤੀਬੰਦ ਲਗ ਦਿਤਾ। ਮੁਗਲ ਬਾਦਸ਼ਾਹ ਅਕਬਰ ਦੇ ਘਰ ਸੰਤਾਨ ਨਹੀਂ ਸੀ। ਉਹ ਸੰਤਾਨ ਲਈ ਦਰ-ਦਰ ਦੀਆਂ ਠੋਕਰਾਂ ਖਾ ਕੇ ਗੁਰੂਅਮਰ ਦਾਸ ਜੀ ਦੇ ਦਰਬਾਰ ਵਿਚ ਹਾਜ਼ਿਰ ਹੋਇਆ ਤਾਂ ਉਸ ਨੂੰ ਵੀ ਪਹਿਲਾ ਲੰਗਰ ਛੱਕਣ ਦਾ ਹੁਕਮ ਹੋਇਆ ਤਾਂ ਉਹ ਲੰਗਰ ਦੀ ਮਰਿਆਦਾ ਵੇਖ ਕੇ ਦੰਗ ਰਹਿ ਗਿਆ। ਉਸ ਵੇਖਿਆ ਬਿਨ੍ਹਾਂ ਭੇਦ-ਭਾਵ, ਉਚ-ਨੀਚ ਦੇ ਵਿਤਕਰੇ ਤੋਂ ਸਾਰੇ ਇਕੋ ਪੰਗਤ ਵਿਚ, ਇਕੋ ਜਿਹਾ ਭੋਜਨ ਛੱਕ ਰਹੇ ਹਨ ਤਾਂ ਓਹ ਗੱਦ-ਗੱਦ ਹੋ ਗਿਆ ਅਤੇ ਕਹਿਣ ਲਗਾ ਮੈਂ ਜੋ ਧਰਮ ਚਲਾਉਂਣਾ ਚਾਉਂਦਾ ਸੀ 'ਦੀਨੇ-ਇੱਲਾਹੀ' ਉਹ ਇਹ ਹੀ ਸੀ ਜੋ ਮੈਂ ਇਥੇ ਵੇਖ ਰਿਹਾ ਹਾਂ। ਇਥੇ ਆ ਕੇ ਮੇਰਾ ਸੁਪਨਾ ਸਾਕਾਰ ਹੋਇਆ ਹੈ।

## ਬੋੱਧੀ ਗੁਰੂ ਦਲਾਈ ਲਾੱਮਾ

ਨੋਬਲ ਇਨਾਮ ਵਿਜੇਤਾ ਤਿਬੱਤੀ ਬੋਧੀ ਗੁਰੂ ਦਲਾਈ ਲਾਮਾ ਸ੍ਰੀ ਗੁਰੂਨਾਨਕ ਦੇਵ ਜੀ ਦੇ ਸੰਬਦ ਵਿਚ ਲਿਖਦਾ ਹੈ :- ਸੰਸਾਰ ਭਰ ਦੇ ਸਮੂਹ ਧਾਰਮਿਕ ਆਗੂਆਂ ਦੇ ਗਗਨ ਮੰਡਲ ਵਿਚ ਗੁਰੂਨਾਨਕ ਸਾਹਿਬ ਜੀ ਦਾ ਅਪਣੀ ਉੱਚ ਜੀਵਨ ਪੱਧਤੀ (ਰਾਹ) ਦੇ ਕਾਰਣ ਓਹ ਸਬ ਤੋਂ ਵੱਦ ਚਮਕਣ ਵਾਲੇ ਸਿਤਾਰੇ ਹਨ। ਤਿੱਬਤ ਦੇ ਬੋੱਧੀ

ਗੁਰੂਨਾਨਕ ਦੇਵ ਜੀ ਨੂੰ ਅਪਣਾ ਰਖਿਅਕ, ਪਾਲਕ ਅਤੇ ਇਸ਼ਟ ਮੰਨਦੇ ਹਨ। ਉਹ ਕਹਿੰਦੇ ਹਨ ਕਿ ਗੁਰੂਨਾਨਕ ਦੇਵ ਜੀ ਸਾਡੇ ਗੁਰੂਪਦਮ ਸੰਭਵਾ ਦਾ ਅਵਤਾਰ ਹਨ। ਉਨ੍ਹਾਂ ਦੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਕਈ ਮੰਦਿਰ ਬਣਾਏ ਹੋਏ ਹਨ। ਤਿਬਤ ਦੇ ਬੋਧੀ ਲੋਕ ਫਿਰਕਿਆ ਵਿਚ ਵੰਡੇ ਹੋਏ ਹਨ। ਉਨ੍ਹਾਂ ਵਿਚੋ ਇਕ ਫਿਰਕਾ ਗੁਰੂ ਜੀ ਦੇ ਉਪਦੇਸ਼ਾ ਅਨੁਸਾਰ ਸਰਧਾਂ ਅਤੇ ਪ੍ਰੇਮ ਕਾਰਣ ਕੇਸ਼ ਧਾਰੀ ਹੁੰਦੇ ਹਨ ਅਤੇ ਉਹ ਲੋਕ ਗੁਰੂ ਜੀ ਨੂੰ ਨਾਨਕ ਲਾਮਾ ਕਹਿ ਕੇ ਯਾਦ ਕਰ ਦੇ ਹਨ। ਜਦੋਂ ਇਹ ਲੋਕ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਆਉਂਦੇ ਹਨ ਤਾਂ ਡੰਡਵਤ ਪ੍ਰਣਾਮ ਕਰਦੇ ਹਨ ਉਨ੍ਹਾਂ ਵਿਚੋਂ ਕਈਆਂ ਨੇ ਸਿੱਖ ਧਰਮ ਦਾ ਬੜੀ ਬਰੀਕੀ ਨਾਲ ਅਧਿਅਨ ਕੀਤਾ ਹੈ ਅਤੇ ਕਹਿੰਦੇ ਹਨ ਕਿ ਗੁਰੂਨਾਨਕ ਦੇਵ ਜੀ ਨੂੰ ਪ੍ਰਮਾਤਮਾ ਨੇ ਸੰਸਾਰ ਭਰ ਵਿਚ ਅਧਿਆਤਮਿਕ ਸ਼ਾਂਤੀ ਅਤੇ ਭਾਈ ਚਾਰੇ ਲਈ ਭੇਜਿਆ ਹੈ।

## ਰੂਸੀ ਵਿੱਧਵਾਨਾਂ ਦੇ ਵਿਚਾਰ

75 ਸਾਲ ਰੂਸ ਨਾਸਤਿਕ (ਧਰਮ ਹੀਨ) ਰਹਿਣੇ ਦੇ ਬਾਦ ਸਨ 1992 ਵਿਚ ਸੋਵਿਅਤ ਸੰਘ ਟੂਟ ਗਿਆ। ਤਦ ਉਨ੍ਹਾਂ ਲੋਕਾਂ ਨੂੰ ਅਹਿਸਾਸ ਹੋਇਆ ਕਿ ਸੋਵਿਅਤ ਸੰਘ ਦੇ ਟੁਟਣ ਦਾ ਮੂਲ ਕਾਰਣ ਨਾਸਤਿਕਤਾ ਹੈ । ਜੇਕਰ ਸਾਡਾ ਕੋਈ ਧਾਰਮਿਕ ਅਧਾਰ ਹੁੰਦਾ ਤਾਂ ਇਹ ਕਾਰਾ ਨਾ ਹੁੰਦਾ। ਇਸ ਲਈ ਸਰਕਾਰ ਅਤੇ ਵਿਦਿਵਾਨ ਸੋਚਣ ਤੇ ਮਝਬੂਰ ਹੋ ਗਏ ਕਿ ਅਸੀਂ ਅਪਣੇ ਇੱਥੇ ਕਿਸ ਧਰਮ ਨੂੰ ਵਿਕਸਿਤ ਕਰੀਏ। ਇਸ ਲਈ ਉਨ੍ਹਾਂ ਦੁਨੀਆਂ ਦੇ ਲਗਭਗ ਸਾਰੇ ਧਰਮਾਂ ਦਾ ਅਧਿਅਨ ਕੀਤਾ ਅੰਤ ਵਿਚ ਉਹ ਇਸ ਨਤੀਜੇ ਤੇ ਪੁਜੇ ਕਿ ਸਰਵਸਰੇਸ਼ਟ ਸਿੱਧਾਂਤਾਂ ਨਾਲ ਭਰਭੁਰ ਸਮਸਤ ਮਨੁੱਖਤਾ ਨੂੰ ਅਪਣੇ ਕਲਾਵੇ ਵਿਚ ਲੈਣ ਵਾਲਾ ਸਾਹਿਜ ਅਤੇ ਸਰਲ ਧਰਮ ਗੁਰੂਨਾਨਕ ਦੇਵ ਜੀ ਦਾ ਸਿੱਖ ਧਰਮ ਹੀ ਹੈ। ਉਨ੍ਹਾਂ ਸਰਵ ਸਮਿਤਿ ਨਾਲ ਇਸ ਨੂੰ ਸਵਿਕਾਰ ਦੇ ਹੋਏ, ਗੁਰੂਬਾਣੀ ਨੂੰ ਰੂਸੀ ਅਤੇ ਰੂਸੀ ਸੰਘ ਦੇ ਰਾਜਾ ਦੀ ਭਾਸ਼ਾਂ ਵਿਚ ਅਨੁਵਾਦ ਕਰਵਾਉਣ ਦੇ ਯਤਨ ਕੀਤੇ ਤਾਂਕਿ ਜਨ ਸਾਧਾਰਣ ਦੀ ਅਧਿਆਤਮਿਕ ਭੁਖ ਨੂੰ ਤ੍ਰਿਪਤ ਕੀਤਾ ਜਾ ਸਕੇ। ਉਨ੍ਹਾਂ ਦਾ ਵਿਸਵਾਸ ਹੈ ਕਿ ਸਿੱਖ ਧਰਮ ਹੀ ਮਨੁੱਖਤਾ ਨੂੰ ਇਕ ਸੂਤਰ ਵਿਚ ਪਰੋ ਸਕਦਾ ਹੈ।

## ਆਰੀਆ ਸਮਾਜੀ ਵਿਦਵਾਨ ਲਾਲਾ ਦੌਲਤ ਰਾਏ

ਜਦੋਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੂਰਜ ਅਸਤ ਹੋਇਆ ਤਾਂ ਕੁਝ ਈਰਖਾਲੂ ਹਿੰਦੂ ਜੱਥੇ ਬੰਦੀਆ ਨੇ ਸ਼੍ਰੀ ਹਰਿਮੰਦਿਰ ਸਾਹਿਬ (ਦਰਬਾਰ ਸਾਹਿਬ) ਦੀ ਹਉ-ਬਹੁ ਨਕਲ ਕਰਦੇ ਹੋਏ ਅਮ੍ਰਿਤਸਰ ਨਗਰ ਵਿਚ ਇਕ ਮੰਦਿਰ ਦੀ ਉਸਾਰੀ ਕੀਤੀ ਜਿਸ ਦਾ ਨਾਂ ਦੁਰਗਿਆਣਾ ਮੰਦਿਰ ਰਖਿਆ। ਭਾਵ ਇਹ ਕਿ ਇਹ ਦੁਰਗਾ ਦੇਵੀ ਦਾ ਪੂਜਾ ਸਥਲ ਹੈ। ਪਰੰਤੂ ਉਥੇ ਲੱਖ ਕੋਸ਼ੀਸ਼ਾ ਕਰਣ ਦੇ ਬਾਵਜੂਦ ਕੱਦੇ ਵੀ ਆਮ ਜਨਤਾ ਦੀ ਰੋਣਕ ਨਾ ਹੋ ਸਕੀ। ਇਸ ਕਾਰਣ ਉਥੋ ਦੀ ਪ੍ਰਬੰਦਕ ਕਮੇਟੀ ਨੇ ਬੋਖਲਾ ਕੇ ਇਕ ਆਰੀਆ ਸਮਾਜੀ ਵਿੱਦਵਾਨ -ਲਾਲਾ ਦੌਲਤ ਰਾਏ ਨੂੰ ਪਰੇਰਿਆ ਕਿ ਉਹ ਸਾਹਿਬ ਸ਼੍ਰੀ ਗੁਰੂਗੋਬਿੰਦ ਸਿੰਘ ਜੀ ਦੀ ਜੀਵਨੀ ਅਤੇ ਸਿੱਖ ਸਾਹਿਤ ਦਾ ਅਧਿਅਨ ਕਰੇ, ਜਿਸ ਵਿਚੋਂ ਕੁਝ ਤਰੁਟੀਆ ਲੱਭੇ ਜਿਨ੍ਹਾਂ ਨੂੰ ਅਸੀ ਇਸ ਵਿਧੀ ਨਾਲ ਭੰਡਿਏ ਕੀ ਸਿੱਖਾ ਦੀ ਸਖ਼ਤ ਨਿੰਦਾ ਕੀਤੀ ਜਾ ਸਕੇ ਤਾਂ ਕਿ ਅਸੀਂ ਦੁਰਗਿਆਣੇ ਮੰਦਿਰ ਦੀ ਰੋਣਕਾ ਵਧਾਉਣ ਲਈ ਉਸ ਤੋਂ ਲਾਭ ਉਠਾ ਸਕੀਏ।

ਇਸ ਟੀਚੇ ਨੂੰ ਲੈਕੇ ਜਦੋਂ ਇਸ ਵਿਦਵਾਨ ਨੇ ਸ੍ਰੀ ਗੁਰੂਗੋਬਿੰਦ ਸਿੰਘ ਸਾਹਿਬ ਜੀ ਦਾ ਜੀਵਨ ਵਿਰਤਾਂਤ ਪੜ੍ਹਿਆ ਤਾਂ ਉਹ ਗੱਦ-ਗੱਦ ਹੋ ਗਿਆ। ਉਸ ਨੇ ਗੁਰੂਦੇਵ ਨੂੰ ਨਮਸ਼ਕਾਰ ਕੀਤੀ ਅਤੇ ਉਨ੍ਹਾਂ ਦੇ ਨਵੇਂ ਅੰਦਾਜ ਨਾਲ ਉਰਦੂ ਵਿਚ ਜੀਵਨ ਵਿਰਤਾਂਤ ਲਿਖਿਆ। ਜਿਸ ਦਾ ਨਾ ਉਸ ਨੇ **"ਸਾਹਿਬੇ ਕਮਾਲ ਸ਼੍ਰੀ ਗੁਰੂਗੋਬਿੰਦ ਸਿੰਘ"** ਰਖਿਆ। ਇਹ ਪੁਸਤਕ ਸਨ 1901 ਵਿਚ ਉਰਦੂ ਭਾਸ਼ਾ ਵਿੱਚ ਪਰਕਾਸ਼ਿਤ ਹੋਈ। ਜਿਸ ਨੂੰ ਪੜ੍ਹਕੇ ਪੰਥ ਦੋਖੀ ਬਹੁਤ ਦੁਖੀ ਹੋਏ ਅਤੇ ਉਨ੍ਹਾਂ ਲਾਲਾ ਦੋਲਤ ਰਾਏ ਨੂੰ ਪੁਛਿਆ ਤੂੰ ਇਹ ਕੀ ਕੀਤਾ ਹੈ? ਜਿਸ ਸਖ਼ਸੀਅਤ ਦੀ ਅਸੀ ਤੈਨੂੰ ਨਿੰਦਾ ਅਤੇ ਭੰਡੀ ਪ੍ਰਚਾਰ ਕਰਣ ਲਈ ਟੀਚਾ ਦਿਤਾ ਸੀ ਤੂੰ ਅਸਾਡੇ ਨਿਸ਼ਾਨੇ ਦੇ ਵਿਰੁਧ ਉਨ੍ਹਾਂ ਦੀ ਅਤਿ ਉਸਤਤੀ ਲਿਖੀ ਹੈ?

ਉੱਤਰ ਵਿਚ ਦੋਲਤ ਰਾਏ ਨੇ ਕਿਹਾ ਕਿ ਹਿੰਦੂਓ ਤੁਸੀ ਅਕ੍ਰਿਤਘਣ ਹੋ ਮੇਰੇ ਕੋਲੋ ਉਸ ਮਹਾਪੁਰਖ ਦੀ ਨਿੰਦਾ ਕਰਵਾਉਂਣਾ ਚਾਹੁੰਦੇ ਹੋ ਜਿਸ ਨੇ ਪਰਹਿਤ ਲਈ ਭਾਵ ਹਿੰਦੂਆਂ ਦੇ ਜਨੇਉ ਅਤੇ ਤਿਲਕ ਦੀ ਰਖਿਆ ਲਈ ਅਪਣਾ ਪਿਤਾ ਅਤੇ ਅਪਣੇ ਚਾਰੋ ਬੇਟੇ ਨਿਛਾਵਰ ਕਰ ਦਿਤੇ ਹਨ।

ਅੱਜਕਲ ਇਸ ਪੁਸਤਕ ਦਾ ਅਨੁਵਾਦ ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਵੀ ਸ਼੍ਰੋਮਣੀ ਕਮੇਟੀ ਦੇ ਬੁਕ ਸਟਾਲਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

## ਸਿੱਖ ਧਰਮ ਦੇ ਲਈ ਕੁਝ ਅੰਗ੍ਰੇਜ਼ ਵਿਦਵਾਨਾ ਦੇ ਵਿਚਾਰ

ਜਿਨ੍ਹਾਂ ਇਸਾਈ ਵਿਦਵਾਨਾਂ ਦੇ ਸਿੱਖ ਧਰਮ ਦੀ ਪ੍ਰਸ਼ੰਸਾ ਵਜੋਂ ਅਪਣੀ ਕਲਮ ਚੱਕੀ ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ :-

1. ਐਮ. ਏ. ਮੈਕਾਲਿਫ 2. ਜੇ. ਡੀ. ਕਨਿੰਘਮ 3. ਪਰਲ ਐਸ. ਬੱਕ 4. ਬਰਟਰੰਓ ਰਸਲ 5. ਐਚ. ਐਲ. ਬਰਾਡਸ਼ਾਹ 6. ਮਿਸ ਡੋਰੋਬੀ ਫੀਲਡ 7. ਡਾ. ਨੋਇਲ 8. ਸੀ. ਏਫ. ਫੇਂਡਰੀਊਸ 9. ਬਿਲਿਏ ਬਾਰਬਰਟ 10. ਪੀ. ਏਮ. ਵਾਇਲਮ 11. ਫਾਲਕਨ 12. ਡਾ. ਡਬਲਿਯੂ. ਕੋਲ 13. ਜਨਰਲ ਬਾਰਡਵੁਡ 14. ਸੀ. ਏਚ. ਲੋਇਲਿਨ 15. ਸਰ ਅਲੈਗ ਜੈਂਡਰ ਬਰਨਜ਼ 16. ਐਉਵਰਡ ਏ. ਡੀ. ਬਿਟਨ ਕੋਰਟ 17. ਕੈਨੇਥ ਸਾਰਕਮ 18. ਆਰਚਰ 19. ਮਾਰਕਸ ਬ੍ਰਬੁਕ 20. ਡਾ. ਏਚ. ਬਇਲੇਂਡੇ 21. ਪਰਸੀਵਲ ਸਪੀਅਰ 22. ਕਰਨਲ ਪਿਨ ਮੁਬੁਕਾਂਡ ਥਾਈਲੈਂਡ 23. The battle of Saragarhi (an unparalled bravery of the Sikhs in the World history as included in French Military School Text Books and also published by UNESCO)

ਪੁਰਾਤਨ ਧਰਮ ਗ੍ਰੰਥਾਂ, ਰਿਖੀਆਂ, ਮੁਨੀਆਂ ਅਤੇ ਉਸ ਸਮੇਂ ਦੇ ਬੁੱਧੀ ਜੀਵੀਆਂ ਆਦਿ ਲੋਕਾਂ ਦੁਆਰਾ ਭਵਿਖ ਬਾਣੀ ਕੀਤੀ ਗਈ ਸੀ ਕਿ ਕਲਯੁਗ ਵਿੱਚ ਪਰਮਪਿਤਾ ਪਰਮੇਸ਼ਵਰ ਖੁਦ ਅਪਣੇ ਆਪ ਮਾਨਵ ਰੂਪ ਧਾਰਣ ਕਰਕੇ ਇਸ ਮਾਤ ਲੋਕ ਵਿਚ ਨਾਨਕ ਨਾਂ ਨਾਲ ਪਰਗਟ ਹੋਵਨਗੇ।

1. ਭਵਿਖਤ ਪੁਰਾਣ ਉਤਾਰਾ ਅਰਾਧ ਆਧਿਆਏ 28

ਏਵੰਵੈ ਧਰਮ ਪ੍ਰਾਚੁਰਏਂ ਭਵਿਖਏਤਿ ਯਦਾ ਕਲੌ 33

ਤਦੈਵ ਲੋਕ ਰਖ਼ਈਂਅਰਥ ਮਲੇਛਾਨਾ ਨਾਸ਼ ਹੇਤੁਬੇ ॥

ਪਮਚਮੇਤੁ ਸ਼ੁਭੇ ਦੇਸ਼ੇ ਬੇਦੀ ਬੰਸੇਚ ਨਾਨਕੋ ਨਾਮਨਾ 34 ॥

ਭੁਵ ਰਾਜ ਰਿਖੀ ਬ੍ਰਹਮ ਸ਼ਾਨੈਕ ਮਾਨਸ ॥

ਭਵਿਖਤੀ ਕਲਊ ਸੰਕਦ ਤਤ ਬਿਤਏ ਕਲਾਹਿਆ ਹਰੇ ॥35 ॥

2. ਵਿਸ਼ਣੂਪੁਰਾਣ ਅਧਿਆਏ 24 **ਅੰਸ਼ 4**

ਕ਼ਤ੍ਰੀਯਮ ਕੁਲੇ ਭੁਤਨਾ ਨਾਨਕੇਤਿ ਨਾਮ:

ਲੋਕ ਸੰਰਖ਼ਣਾਏ ਵਖ਼ਏ ਸਿੰਘਪੰਥ ਨਾਰਾਣਾਮੁ ॥

ਤਤਸ਼ਚਾਸ਼ਟੋ ਯਵਨਾਸਚਤੁਰਦਸ ਤੁਰੁਸ਼ਕਾਰਾ ਮੁੰਡਾਸ਼ਯ ਤ੍ਰਯੋਦਸ਼

ਏਕਾਦਸ ਮੌਨਾ ਏਤੈ ਵੈ ਪ੍ਰਿਥਵੀ ਪਤਯਹ ਦਸ਼ ਵਰਸ਼

ਸ਼ਤਾਨਿ ਨਵਤਯਧਿਕਾਨਿ ਮੋਕਸ਼ ਯਤਿ ॥53 ॥

**ਭਾਵ ਅਰਥ :** – ਸਤਿਯੁਗ ਵਿਚ ਅੰਬਰੀਕ ਰਿਖੀ ਨੇ ਉਸ ਸਮੇਂ ਦੇ ਅਵਤਾਰ ਵਿਸ਼ਨੂਜੀ ਤੋਂ ਅਗੇ ਆਣੇ ਵਾਲੇ ਯੁਗਾਂ ਦਾ ਹਾਲ ਪੁਛਿਆ ਤਾਂ ਉਨ੍ਹਾਂ ਨੇ ਦਸਿਆ ਕਿ ਕਲਯੁਗ ਦਾ ਸਮਾਂ ਬਹੁਤ ਜਿਆਦਾ ਪਾਪਾ ਦਾ ਹੋਏਗਾ। ਉਸ ਸਮੇਂ ਪਾਪੀਆਂ ਦਾ ਉਦਾਰ ਕਰਨ ਲਈ ਉਨ੍ਹਾਂ ਦੇ ਕਲਿਆਣ ਹਿਤ ਗੁਰੂਨਾਨਕ ਸਾਹਿਬ ਪਰਗਟ ਹੋਣਗੇ।

3. ਸੁਖਦੇਵ ਜੀ ਨੇ ਕਲਯੁਗ ਕੇ ਪੂਰਨ ਪੁਰਖ ਪਰਗਟ ਹੋਣ ਦੇ ਵਿਸ਼ੇ 'ਚ ਸੁਖ ਸਾਗਰ ਦੇ ਕਾਂਡ 12 ਪੰਨਾ 679 ਵਿਚ ਇਸ ਪ੍ਰਕਾਰ ਲਿਖਿਆ ਹੈ:–

"ਸ਼੍ਰੀ ਨਾਨਕ ਸਤਤੰ ਸਮਰਾਮੀ ਸ਼੍ਰੀ ਅਸਚ ਸ਼੍ਰੀ ਅਸਚ ਸ਼੍ਰੀ ਅਸਚ"

4. **ਰਿਗਵੇਦ ਅਨੁਸਾਰ :–**

"ਸ਼੍ਰੀ ਨਾਨਕ ਗੁਰੂਵਰੰ ਸਕਲਾਦ ਹੇਤੁ॥ ਹੇਤੁਸਮਸਤ ਜੁਗਤਾਂਵਰ ਵੇਦੀ ਕੇਤੇ ॥"

5. **ਕੁਰਾਨ ਮਜੀਦ ਵਿਚ ਲਿਖਿਆ ਹੈ :–**

"ਕਾਲਾ ਕਾਲਾ ਰਸੂਲਿਲਾ ਸੌ ਲਿਲਾ ਹੂ ਅਲਾਏ ਵਸਲ ਮਲੇ ਆਖਰਾ ਤੇ ਜਮਾਨਾ। ਨਾਨਕ ਇਨਸ਼ਾਹ ਅਲ ਹੁਕਮੇ ਅਲ ਉਮਤੀ ਫਿਤਾਬੇ ਈਨ।"

"ਮੁਹਮਦ ਸਾਹਿਬ ਨੇ ਅਪਣੇ ਤੋਂ ਬਾਦ ਆਉਂਣ ਵਾਲੇ ਪੈਗਮਬਰ ਦੇ ਬਾਰੇ ਵਿਚ ਅਪਣੀ ਉੱਮਤ (ਸਿੱਖੀ ਸੇਵਕਾਂ) ਨੂੰ ਹਿਦਾਇਤ ਦਿਤੀ ਹੈ ਕਿ ਅੱਲਾਹ ਤਾੱਲਾ ਖੁਦ ਗੁਰੂਨਾਨਕ ਦੇ ਰੂਪ ਵਿਚ ਸੰਸਾਰ ਅੰਦਰ ਆਉਂਣਗੇ। ਇਸ ਲਈ ਆਪ ਲੋਕਾਂ ਨੇ ਉਨ੍ਹਾਂ ਦੀ ਈਨ ਮਨਣੀ ਹੈ।"

6. ਹਜ਼ਰਤ ਇਮਾਤ ਸਾਹਿਬ ਅਤੇ ਪੀਰ ਵਲੀ ਨਿਆਮਤ ਉੱਲਾਸ਼ਾਹ ਕਸ਼ਮੀਰੀ ਜੋ ਗੁਰੂਨਾਨਕ ਸਾਹਿਬ ਤੋਂ 547 ਸਾਲ ਪਹਿਲਾ ਹੋਏ ਹਨ, ਨੇ ਵੀ ਲਿਖਿਆ ਹੈ ਕਿ ਮਰਦੇ-ਖੁਦਾ ਨਾਨਕ ਆਏਗਾ। ਜੋ ਉਹ ਭੇਦ ਖੋਲਣਗੇ ਜੋ ਪਹਿਲਾ ਪੈਗਮਬਰਾਂ ਨੇ ਨਹੀਂ ਖੋਲੇ ।। ਸਾਰੇ ਸੰਸਾਰ ਦੀ ਤੱਵਜੋ ਉਸ ਦੀ ਤਰਫ ਹੋ ਜਾਵੇਗੀ ਅਤੇ ਉਸ ਦੀ ਫਕੀਰੀ ਦਾ ਬਾਜ਼ਾਰ ਖੂਬ ਗਰਮ ਰਵੇਗਾ।

7. ਦਿਗ ਬਿਜੈ ਗ੍ਰੰਥ ਅਨੁਸਾਰ :-

ਤਤੋ ਅਸ਼ਟੋ ਜਮਨਾ ਭਾਵਿਆ ਪੁਸਕਸ਼ਦ ਚਤ੍ਰ ਦਸਾ ਭੂਯੋ।

ਦਸ ਗਰੁੰਡਅਸਚ ਮੋਨਾਏ ਕਦੀ ਸਈ ਵਤੂ।।

**ਅਰਥ :-** ਜਦੋਂ ਆਠ ਯਵਨ ਨੇ ਰਾਜੇ ਭਾਰਤ ਵਿਚ ਰਾਜ ਕਰਨਗੇ ਤਦ ਪਰਮਾਤਮਾ ਦਸ ਗੁਰੁਜਾਮੇ ਧਾਰਨ ਕਰਕੇ ਸੰਸਾਰ ਵਿਚ ਆਉਂਣਗੇ। ਇਸ ਦੇ ਬਾਦ ਓਹ ਮੋਨੀ ਰੂਪ ਧਾਰਨ ਕਰਨਗੇ ਪਰੰਤੁ ਜੋ ਉਨ੍ਹਾਂ ਨੂੰ ਬੁਲਾਵੇਗਾ ਤਾਂ ਓਹ ਉਸ ਦੀ ਸੰਕਾਂ ਨਿਵਿਰਥ ਕਰਨਗੇ।

**ਭਾਵ- ਸ੍ਰੀ ਗੁਰੂਗ੍ਰੰਥ ਸਾਹਿਬ।।**

ਪਿਆਰੇ ਪਾਠਕੋ ਆਪ ਜੀ ਦੇ ਚਰਨਾਂ ਵਿਚ ਵਿਨਮਰ ਬੇਨਤੀ ਹੈ ਕਿ ਇਸ ਛੋਟੀ ਪੁਸਤਿਕਾ **(Booklet)** ਦੇ ਅੰਤ ਵਿਚ ਇਕ ਵੈਬ ਸਾਈਟ ਦਾ ਨਾਂ **Sikhworld.info** ਲਿਖਿਆ ਹੋਇਆ ਹੈ ਜੇਕਰ ਆਪ ਜੀ ਇਸ ਨੂੰ ਖੋਲੇਗੇ ਤਾਂ ਤੁਸੀ ਇਸ ਦੇ **Main Link** ਵਿਚ ਇਕ ਹਿੰਦੀ ਉਪਨਿਆਸ **(Novel)** ਮਿਤਰ ਮੰਡਲੀ ਵੇਖੋਗੇ। ਇਹ ਇਕ ਫੌਜੀ ਯਥਾਰਥ (ਸੱਚੀ ਕਹਾਣੀ) ਤੇ ਅਧਾਰਿਤ ਨਾਵਲ ਹੈ ਜੋ ਰੋਚਕ ਸੈਲੀ ਵਿਚ ਤਾਂ ਹੈ ਹੀ, ਇਸ ਦੇ ਨਾਲ ਗਿਆਨ ਵਰਦਕ ਅਤੇ ਮਨੋਰੰਜਨ ਨਾਲ ਭਰਪੂਰ ਹੈ ਜੋਕਿ ਆਪ ਜੀ ਦੀ ਜਿਗਿਆਸਾ ਨੂੰ ਤ੍ਰਿਪਤ ਕਰੇਗਾ ਅਤੇ ਆਪ ਆਨੰਦਿਤ ਵੀ ਹੋਵੋਗੇ। ਇਸ ਲਈ ਤੁਹਾਡੇ ਅਗੇ ਨਿਵੇਦਨ ਹੈ ਕਿ ਇਸ ਨੂੰ **Download** ਕਰਕੇ ਇਕ ਵਾਰ ਜਰੂਰ ਪੜ੍ਹੋ ਜੀ।

ਧੰਨਵਾਦ।

**ਲੇਖਕ : ਜਸਬੀਰ ਸਿੰਘ**

## ਸਿੱਖਾਂ ਬਾਰੇ ਅੰਗ੍ਰੇਜ, ਮੁਸਲਮਾਨ ਆਗੂਕੀ ਕਹਿੰਦੇ ਹਨ

## ਸਿੱਖ ਇਸ ਸੰਸਾਰ ਦੇ ਆਖਰੀ ਮਨੁੱਖ ਹੋਣਗੇ.........

### -ਇਤਿਹਾਸਕਾਰਾਂ ਦੇ ਇਤਿਹਾਸਕਾਰ ਆਰਨਡ ਟਾਇਨਬੀ ਦੀ ਭਵਿੱਖਬਾਣੀ-

**ਭੇਟਾਂ-ਆਪ ਪੜ੍ਹੋ ਤੇ ਪੜ੍ਹਾਓ**

**ਗੁਰਮੁੱਖ ਆਪ ਛਪਵਾ ਕੇ ਸੇਵਾ ਕਰ ਸਕਦੇ ਹਨ।**

ਇਤਿਹਾਸ ਦਾ ਘਟਨਾਕ੍ਰਮ ਕੁੱਛ ਇਸ ਤਰ੍ਹਾਂ ਨਾਲ ਚਲਿਆ ਕਿ ਸਿੱਖਾਂ ਨੂੰ ਸੰਸਾਰ ਦੀਆ ਦੋ ਵੱਡੀਆਂ ਬਹਾਦਰ ਕੌਮਾਂ-ਮੁਗਲਾਂ ਅਤੇ ਅੰਗਰੇਜਾਂ-ਨਾਲ ਵਾਰੋਂ ਵਾਰੀ ਲੋਹਾ ਲੈਣਾ ਪਿਆ। ਕੋਈ ਵੀ ਕੌਮ ਬਹਾਦਰੀ ਵਿਚ ਇਕ ਦੂਜੇ ਤੋਂ ਘੱਟ ਨਹੀਂ ਸੀ ਪਰ ਸਿੱਖਾਂ ਬਾਰੇ ਇਨ੍ਹਾਂ ਦੂਜੀਆਂ ਕੌਮਾਂ ਦੇ ਲੇਖਕਾਂ ਨੇ ਕੀ ਰਾਏ ਪ੍ਰਗਟ ਕੀਤੀ, ਇਹ ਅਪਣੇ ਆਪ ਵਿਚ ਇਕ ਬੜੀ ਹੀ ਦਿਲਚਸਪ ਵਾਰਤਾ ਹੈ। ਉਨ੍ਹਾਂ ਨੇ ਕੇਵਲ ਸਿੱਖਾਂ ਦੀ ਬਹਾਦਰੀ ਦੀ ਗੱਲ ਹੀ ਨਾ ਕੀਤੀ ਸਗੋਂ ਉਨ੍ਹਾਂ ਦੇ ਲੀਡਰਾਂ ਦੇ ਦੋਸ਼ਾਂ ਦਾ ਵੀ ਖੂਬ ਵਰਨਣ ਕੀਤਾ। ਇਨ੍ਹਾਂ ਲਿਖਤਾਂ ਵਿਚ ਬਿਆਨੇ ਗਏ ਸੱਚ ਨੂੰ ਜੇਕਰ ਸਿੱਖ ਯਾਦ ਰੱਖ ਲੈਣ ਤਾਂ ਭਵਿੱਖ ਵਿਚ ਵੀ ਕਈ ਹਾਰਾਂ ਤੋਂ ਬੱਚ ਸਕਣ ਦੇ ਨਾਲ ਨਾਲ ਫਾਇਨਬੀ ਵਲੋਂ ਸਿਖਾਂ ਬਾਰੇ ਕੀਤੀ ਗਈ ਭਵਿੱਖਬਾਣੀ ਦੇ ਆਪ ਵੀ ਅਰਥ ਸਮਝ ਸਕਦੇ ਹਨ ਤੇ ਦੂਜਿਆਂ ਨੂੰ ਵੀ ਸਮਝਾ ਸਕਦੇ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਨੇ ਸਿੱਖਾਂ ਦੇ ਨੈਤਿਕ ਸੁਭਾਅ ਅਤੇ ਚਰਿਤਰ ਬਲ ਦੀ ਇਕ ਬਹੁਤ ਹੀ ਵਧੀਆ ਮਿਸਾਲ ਪੇਸ਼ ਕੀਤੀ ਹੈ: ਇਕ ਵਾਰੀ ਸਿੱਖਾਂ ਨੇ ਮੁਗਲਾਂ ਦੇ ਕੈਂਪ ਉਤੇ ਧਾਵਾ ਬੋਲ ਦਿਤਾ ਅਤੇ ਕੈਂਪ ਤੇ ਕਬਜ਼ਾ ਕਰ ਲਿਆ। ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਉਹ ਕੈਂਪ ਪਤਨੀਆਂ ਦਾ ਸੀ ਤਾਂ ਉਹ ਇਕਦੰਮ ਸੰਭਲੇ, ਕਿਰਪਾਨਾਂ ਮਿਆਨਾਂ ਵਿਚ ਪਾ ਲਈਆ ਅਤੇ ਘੋੜਿਆਂ ਦੀਆਂ ਵਾਗਾਂ ਪਿਛਾਂਹ ਨੂੰ ਮੋੜ ਲਈਆਂ ਤੇ 'ਅਹੁ ਗਏ ਅਹੁ ਗਏ'।

1. ਚੂਦਰ ਨੇਜ਼ਾ ਬਾਜ਼ੀ ਦਰ ਆਰੰਦ ਦਸਤ, ਦਰ ਆਰੰਦ ਦਰ ਫੌਜੇ ਦੁਸ਼ਮਨ ਸਿਕਸ਼ਤ।" ਅਰਥਾਤ ਜਦ ਨੇਜ਼ੇ ਚੁਕ ਲੈਣ ਤਾਂ ਹੱਥਾਂ ਵਿਚ ਬਾਹੂਬਲ ਅਜਿਹਾ ਹੈ ਕਿ ਵੈਰੀ ਦੀ ਫੌਜ ਵਿੱਚ ਭਾਜੜ ਪੁਆ ਛਡਦੇ ਹਨ।

2. ਚੂੰ ਦਰ ਦਸਤ ਗੀਰੰਦ ਸ਼ਮਸ਼ੀਰੇ ਹਿੰਦ, ਬਤਾਜੰਦ ਅੱਜ਼ ਹਿੰਦ ਤਾ ਮੁਲਕੇ ਸਿੰਧ।" ਅਰਥਾਤ ਜਦ ਇਹ ਹੱਥ

ਵਿਚ ਤਲਵਾਰ ਫੜ ਲੈਂਦੇ ਹਨ ਤਾਂ ਵੈਰੀ ਨੂੰ ਹਿੰਦੁਸਤਾਨ ਤੋਂ ਪਰ੍ਹਾਂ ਸਿੱਧ ਦੇਸ਼ ਤਕ ਖਦੇੜ ਕੇ ਸਾਹ ਲੈਂਦੇ ਹਨ।

(ਕਾਜ਼ੀ ਨੂਰ ਮੁਹੰਮਦ)

1. ਸਗਾਂ ਰਾ ਮਗੋ ਸਗ ਕਿ ਹਸਤੰਦ ਸ਼ੇਰ, ਬਮੈਦਾਨੇ ਮਰਦਾਂ ਚੁਸ਼ੇਰਾਂ ਦਲੇਰ"। ਅਰਥਾਤ ਇਨ੍ਹਾਂ ਕੁੱਤਿਆਂ ਨੂੰ ਕੁੱਤੇ ਨਾ ਕਹੋ, ਇਹ ਤਾਂ ਸ਼ੇਰ ਹਨ। ਬਹਾਦਰਾਂ ਦੇ ਰਣ ਖੇਤਰ ਵਿਚ ਸ਼ੇਰਾਂ ਵਾਂਗ ਦਲੇਰ ਹਨ। **(ਕਾਜ਼ੀ ਨੂਰ ਮਹੁੰਮਦ)**

2. ਸਿੱਖ ਕੁੱਟੇ ਜਾਣ ਨਾਲ ਤੂੜੀ ਨਹੀਂ ਬਣਦੇ ਸਗੋਂ ਫੋਲਾਦ ਹੋ ਢਲਦੇ ਹਨ। **(ਸਪੀਅਰ)**

1. ਸਿੱਖ ਚਾਲ ਚਲਨ ਦੇ ਮਜ਼ਬੂਤ ਹਨ ਪਰ ਬਦਲੇ ਦੀ ਭਾਵਨਾ ਜ਼ਰੂਰ ਰਖਦੇ ਹਨ। **(ਮੀਰ ਮੰਨੂ)**

2. ਉਹ ਸਮਾਂ ਦੂਰ ਨਹੀਂ ਜਦੋਂ ਇਹ ਲੋਕ ਅਪਣੀ ਜੜ੍ਹਦੀ ਕਲਾ ਸਕਦਾ ਦੇਸ਼ ਦੇ ਹਾਕਮ ਹੋਣਗੇ-'ਈਂ ਮੁਲਕ ਰਾਖਵਾਹੰਦ ਗ੍ਰਿਫਤ'। **(ਨਾਦਰ ਸ਼ਾਹ)**

7 ਦਸੰਬਰ, 1715 ਨੂੰ ਸ਼ਾਹੀ ਫੌਜਾਂ ਨੇ ਗੜ੍ਹੀ ਤੇ ਕਬਜ਼ਾ ਕਰ ਲਿਆ। ਬਾਦਸ਼ਾਹੀ ਫੋਜਾਂ ਤੇ ਟਿਪਣੀ ਕਰਦਿਆਂ ਕਮਰ ਖਾਨ ਲਿਖਦਾ ਹੈ, "ਇਹ ਸਭ ਖੁਦਾ ਦੀ ਰਹਿਮਤ ਹੀ ਸੀ, ਸਿਆਣਪ ਜਾਂ ਬਹਾਦਰੀ ਨਹੀਂ, ਕਿ ਇਹ ਹੋ ਗਿਆ।

1. ਅਲੀ-ਉਦ-ਦੀਨ ਅਪਣੇ 'ਇਬਰਤਨਾਮਾਹ' ਵਿਚ ਲਿਖਦਾ ਹੈ, "ਪੁਰਾਣੇ ਵੇਖਿਆਂ ਦੇ ਸਿੱਖ, ਔਰਤਾਂ ਨੂੰ ਹੱਥ ਨਹੀਂ ਸਨ ਪਾਉਂਦੇ, ਸੋ ਉਨ੍ਹਾਂ ਨੇ ਜਹਾਨ ਖਾਂ ਦੇ ਪੀਰਵਾਰ ਦੀਆਂ ਔਰਤਾਂ ਨੂੰ ਬੜੀ ਹਿਫਾਜਤ ਨਾਲ ਜੰਮੂਵਿਖੇ ਸੁੱਰਖਿਅਤ ਥਾਂ ਤੇ ਪਹੁੰਚਾ ਦਿੱਤਾ।

2. ਮੈਂ ਸਿੱਖਾਂ ਦੀ ਸਾਦਗੀ, ਈਮਾਨਦਾਰੀ ਤੇ ਮੂੰਹ ਤੇ ਗੱਲ ਕਹਿ ਦੇਣ ਦੀ ਜੁਰਅਤ ਨੂੰ ਬਹੁਤ ਪਸੰਦ ਕਰਦਾ ਹਾਂ। **(ਯਕਮੋਂ)**

1. ਸੈਲਾਨੀ ਮੂਰਕਰਾਫਟ ਨੇ ਆਪਣੇ ਸਫਰਨਾਮੇ ਵਿਚ ਲਿਖਿਆ ਹੈ, "ਮੈਂ ਏਸ਼ੀਆਂ 'ਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਜਿਹਾ ਰਾਜ ਹੋਰ ਨਹੀਂ ਵੇਖਿਆ।"

2. "ਯਰੂਪ ਵਾਲੇ ਇਕ ਈਸਾ 'ਤੇ ਮਾਣ ਕਰਦੇ ਹਨ, ਪਰ ਭਾਰਤ ਵਿਚ, ਮੈਂ ਅਨੇਕਾਂ ਈਸਾ ਨੱਸ ਨੱਸ ਕੇ ਤੋਪਾਂ ਸਾਹਮਣੇ ਆਉਂਦੇ ਤੇ ਮੌਤ ਨੂੰ ਗਲਵਕੜੀ ਪਾਉਂਦੇ ਦੇਖੇ ਹਨ।" **(ਸਰ ਹੈਨਰੀ ਕਾਟਨ)**

ਕਵੀਰਾਜ ਡਾ. ਯੁਗਿੰਦਰ ਪਾਲ ਸ਼ਾਸਤਰੀ ਅਪਣੀ ਪ੍ਰਸਿੱਧ ਪੁਸਤਕ 'ਭਾਰਤ ਮੇਂ ਜਾਟ ਰਾਜ' (ਉਰਦੂਐਡੀਸ਼ਨ) ਦੇ ਪੰਨਾ 77 ਤੇ ਲਿਖਦਾ ਹੈ "ਇਟਾਲੀਅਨ ਜਾਤੀ ਮੇਂ ਜੂਲੀਅਸ ਸੀਜ਼ਰ, ਫਰਾਂਸੀਸੀਉਂ ਮੇਂ ਨਿਪੋਲੀਅਨ, ਜਰਮਨੋਂ ਮੇਂ ਹਿਟਲਰ ਔਰ ਯੁਨਾਨੀਉਂ ਮੇਂ ਜੋ ਸਥਾਨ ਸਿਕੰਦਰ ਕਾ ਹੈ, ਉਸ ਸੇ ਭੀ ਜ਼ਿਆਦਾ ਅਹਿਮ, ਬਾ-ਵਕਾਰ ਔਰ ਨੁਮਾਇਆਂ ਦਰਜਾ ਜਾਟ ਜਾਤੀ ਮੇਂ ਮਹਾਰਾਜਾ ਰਣਜੀਤ ਸਿੰਘ ਕਾ ਹੈ"।

1. ਜੇ ਗੁਲਾਬ ਸਿੰਘ ਸਿੱਖਾਂ ਨਾਲ ਗੱਦਾਰੀ ਨਾ ਕਰਦਾ (ਸਭਰਾਵਾਂ ਦੀ ਜੰਗ ਸਮੇਂ) ਤਾਂ ਇਧਰ-ਉਧਰ ਖਿੰਡਰੀ ਪਈ ਅੰਗਰੇਜੀ ਫੋਜ ਸਿੱਖਾਂ ਹੱਥੋਂ ਮਾਰੀ ਜਾਂਦੀ। **(ਸਰ ਚਾਰਲਸ ਜੇਮਜ਼-ਨੇਪੀਅਰ)**

2. ਅਖੀਰ ਸਾਨੂੰ ਪਤਾ ਲੱਗ ਗਿਆ ਕਿ ਉਹ (ਸਿੱਖ) ਬਹਾਦਰ ਤੇ ਜਾਨ ਮਾਰ ਸਿਪਾਹੀ ਹਨ। ਅਫਸੋਸ ਹੈ ਕਿ ਉਨ੍ਹਾਂ ਦੇ ਜਰਨੈਲ ਗੱਦਾਰ ਨਿਕਲੇ। **(ਸਮਿਥ)**

1. ਦੂਬਦੂ ਲੜਾਈ ਵਿਚ ਸਿੱਖਾਂ ਦਾ ਕੋਈ ਸਾਨੀ ਨਹੀਂ ਹੈ। **(ਜੇਮਜ਼)**

2. ਜੇ ਸਿੱਖ ਫੌਜ਼ ਦਾ ਕੋਈ ਚੰਗਾ ਰਹਿਬਰ ਹੁੰਦਾ ਤਾਂ ਅੰਗਰੇਜਾਂ ਨੂੰ ਕੋਈ ਵੀ ਨਹੀ ਸੀ ਬਚਾ ਸਕਦਾ। **ਮਲੈਸਨ)**

1. "ਉਹ (ਗੱਦਾਰ ਜਰਨੈਲ) ਉਸ ਸਾਰੀ ਫੌਜ ਨੂੰ ਮਰਵਾਣਾ ਚਾਹੁੰਦੇ ਸਨ ਜਿਹੜੀ ਉਨ੍ਹਾਂ ਨੂੰ ਨਫਤਰ ਦੀ ਨਿਗਾਹ ਨਾਲ ਵੇਖਦੀ ਸੀ।" **(ਕੰਨਿਘਮ)**

2. "ਸਿੱਖ ਲੀਡਰ ਅਪਣੀਆਂ ਫੌਜਾਂ ਨੂੰ ਤਬਾਹ ਕਰਾਉਣ ਤੇ ਤੁਲੇ ਹੋਏ ਸਨ।" **(ਮੈਕਗਰੇਗਰ)**

1. ਚੇਲੀਆਂ ਵਾਲਾ ਦੀ ਮਹਾਨ ਲੜਾਈ ਬਾਰੇ ਵਿਚਾਰ ਕਰਦਿਆਂ ਅੰਗਰੇਜ਼ੀ ਫੌਜ ਦਾ ਇਕ ਅਫਸਰ ਥਾਕਵੈਲ ਲਿਖਦਾ ਹੈ: "ਮੈਨੂੰ ਅਜਿਹਾ ਜਾਪਦਾ ਸੀ ਕਿ ਮੇਰੀ ਫੌਜ ਦਾ ਇਕ ਵੀ ਆਦਮੀ ਜਿਉਂਦਾ ਨਹੀਂ ਬਚਿਆ।"

2. "ਸਾਡੀ ਖੁਸ਼ਕਿਸਮਤੀ ਹੈ ਕਿ ਸਿੱਖ ਫੌਜ ਦੇ ਆਗੂ ਨਿਕੰਮੇ ਸਨ"। **(ਗਫ)**

"ਕਦੀ ਕਿਸੇ ਹਿੰਦੁਸਤਾਨੀ ਫੌਜ ਨੇ ਜਿਸ ਦੀ ਗਿਣਤੀ ਏਨੀ ਘੱਟ ਹੋਵੇ, ਅੰਗਰੇਜਾਂ ਦਾ ਏਨੀ ਬਹਾਦਰੀ ਨਾਲ ਟਾਕਰਾ ਨਹੀ ਸੀ ਕੀਤਾ, ਜਿਵੇਂ ਸਿੱਖਾਂ ਨੇ ਇਸ ਲੜਾਈ (ਸਭਰਾਵਾਂ ਦੀ ਜੰਗ) ਵਿਚ ਕੀਤਾ ਸੀ। ਅੰਗਰੇਜ਼ ਜਿੱਤ ਗਏ ਸਨ, ਪਰ ਜੇ ਸਿੱਖਾਂ ਨੂੰ ਇਹੋ ਜਿਹੇ ਆਗੂ(ਗਦਾਰ ਆਗੂ) ਨਾ ਮਿਲਦੇ ਤਾਂ ਲੜਾਈ ਦਾ ਨਤੀਜਾ ਇਹ ਕੁੱਝ ਨਾ ਨਿਕਲਦਾ....। ਹਿੰਦੁਸਤਾਨ ਦੀਆਂ ਸਾਰੀਆਂ ਫੌਜਾਂ ਦੇ ਮੁਕਾਬਲੇ ਤੇ ਸਿੱਖ ਸਖਤ ਜਾਨ, ਲੜਾਈ ਵਿਚ ਅਜਿੱਤ ਤੇ ਬਹਾਦਰ ਵਾਕਿਆ ਹੋਏ ਸਨ।" (ਚਾਰਲਸ, ਗੱਫ ਤੇ ਆਰਥਰ ਡ ਡੀ ਐਨਰਜ਼ 'THE SIKH WAR')

"ਫੇਰੂਸ਼ਹਿਰ ਦੀ ਲੜਾਈ ਮਹਾਨ ਜੰਗਾਂ ਵਿਚੋਂ ਇਕ ਸੀ। ਅੰਗਰੇਜਾਂ ਨੇ ਜਿੰਨੀਆਂ ਲੜਾਈਆਂ ਹਿੰਦੁਸਤਾਨ ਵਿਚ ਲੜੀਆਂ ਸਨ, ਉਨ੍ਹਾਂ ਸਾਰੀਆਂ ਨਾਲੋਂ ਇਹ ਵਧੇਰੇ ਖਤਰਨਾਕ ਹੈ ..... ਸਿੱਖਾਂ ਨੇ ਅੰਗਰੇਜ਼ੀ ਹਕੂਮਤ ਨੂੰ ਇਸ ਲੜਾਈ ਨਾਲ ਜੜ੍ਹੋਂ ਹਿਲਾ ਦਿਤਾ ਹੈ।" **(ਗਾਰਡਨ)**

"ਪਹਿਲੀ ਵੇਰ ਅੰਗਰੇਜਾਂ ਨੂੰ ਆਪਣੇ ਮੁਕਾਬਲੇ ਦੇ ਦੁਸ਼ਮਣ ਨਾਲ ਵਾਹ ਪਿਆ ਸੀ।" (ਇਕ ਹੋਰ ਥਾਂ) "ਉਹ (ਸਿੱਖਾਂ ਦੇ ਗੱਦਾਰ ਜਰਨੈਲ) ਜਿੱਤੇ ਹੋਏ ਅੰਗਰੇਜਾਂ ਦੇ ਵਜ਼ੀਰ ਬਣਨਾ ਚਾਹੁੰਦੇ ਹਨ, ਇਸੇ ਲਈ ਉਨ੍ਹਾਂ ਫਿਰੋਜਪੁਰ ਤੇ ਧਾਵਾ ਨਾ ਕੀਤਾ। ਉਹ ਅੰਗਰੇਜਾਂ ਨੂੰ ਅਪਣੀਆਂ ਕਰਤੂਤਾਂ ਤੋਂ ਜਾਣੂ ਕਰਾਉਂਦੇ ਰਹੇ।' **(ਕੰਨਿਘਮ)**

"ਸਿੱਖ ਭਾਰਤ ਦੀਆਂ ਸਾਰੀਆਂ ਕੌਮਾਂ ਨਾਲੋਂ ਸਖਤ ਜਾਨ ਤੇ ਬਹਾਦਰ ਕੌਮ ਹੈ। ਮੈਂ ਕਿਸੇ ਵੀ ਸਿੱਖ ਨੂੰ ਮਾਰ ਪੈਣ ਤੇ (ਪੁਲਿਸ ਦੀਆਂ ਡਾਗਾਂ ਦੀ ਮਾਰ ਹੇਠ ਆਉਣ ਤੇ) ਹਾਏ-ਹਾਏ ਕਰਦਾ ਨਹੀ ਵੇਖਿਆ। ਮੈਨੂੰ ਤਾਂ ਇਉਂ ਜਾਪਿਆ ਹੈ ਕਿ ਪੁਲਿਸ ਵਿਚ ਸ਼ੈਤਾਨ ਵਸਦਾ ਹੈ ਤੇ ਸਿੱਖਾਂ ਵਿਚ ਰੱਬ ਆਪ ਪ੍ਰਤੱਖ ਵਸਦਾ ਹੈ"।

**(ਫਾਦਰ ਸੀ. ਐਫ ਐਂਡਰੀਉਂਜ)**

1. ਰਾਬਰਟ ਕਸਟ ਅਪਨੀ ਡਾਇਰੀ ਵਿਚ ਲਿਖਦਾ ਹੈ, "ਹਜ਼ਾਰਾਂ ਵਰ੍ਹਿਆਂ ਦੇ ਇਤਿਹਾਸ ਵਿਚ ਸਿਫਰ ਉਸ 1845 ਦੇ ਦਸੰਬਰ ਦੀ ਰਾਤ ਨੂੰ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਕੁਝ ਮੁੱਠੀ ਭਰ ਲੋਕਾਂ ਦੇ ਹੱਥਾਂ ਵਿਚ ਸੀ"।

2. ਜੇ ਉਸ ਸਵੇਰ 22 ਦਸੰਬਰ, 1845 ਨੂੰ ਸਿੱਖ ਇਕ ਵੀ ਗੋਲੀ ਚਲਾ ਦਿੰਦੇ ਤਾਂ ਭਾਰਤ ਵਿਚੋਂ ਅੰਗਰੇਜ਼ੀ ਰਾਜ ਖਤਮ ਹੋ ਜਾਂਦਾ ਪਰ ਇਉਂ ਹੋ ਨਾ ਸਕਿਆ"।

(ਡਾ. ਹਰੀ ਰਾਮ ਗੁਪਤਾ)

**ਸਿੱਖਾਂ ਬਾਰੇ ਡੂੰਘਾ ਗਿਆਨ ਰੱਖਣ ਵਾਲੇ ਕਿਸੇ ਵਿਅਤਕੀ ਨੇ ਕਿੰਨੀ ਦਰੁਸਤ ਗੱਲ ਕਹੀ ਹੈ :**

BUT FOR THE FOLLIES OF THE SIKH LEADERSHIP, IT WOULD HAVE BEEN A WORLD RELIGION TODAY. ਭਾਵ ਜੋ ਸਿੱਖ ਲੀਡਰਸ਼ਿਪ ਗਲਤੀਆਂ ਨਾ ਕਰਦੀ ਤਾਂ ਇਹ ਅੱਜ ਦੁਨੀਆਂ ਦਾ ਵੱਡਾ ਧਰਮ ਹੁੰਦਾ। ਸਾਨੂੰ ਉਪਰੋਕਤ ਇਤਿਹਾਸਕ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਸਿੱਖ ਧਰਮ ਬਹੁਤ ਹੀ ਸ਼ਾਨਦਾਰ ਸਿਧਾਂਤਾ ਦਾ ਸੁਮੇਲ ਹੈ। ਇਤਿਹਾਸ ਦਸਦਾ ਹੈ ਕਿ ਸਿੱਖ ਕਿਸ ਤਰ੍ਹਾਂ ਗੁਰੂਗ੍ਰੰਥ ਸਾਹਿਬ ਦੀ ਅਗਵਾਈ ਲੈ ਕੇ ਜੁਲਮ ਉਤੇ ਛਾ ਗਏ ਤੇ ਦੁਨੀਆ ਨੂੰ ਸਾਂਝੀਵਾਲਤਾ ਦਾ ਸੰਦੇਸ ਦਿੱਤਾ । ਅਸੀਂ ਮੰਨੂਵਾਦ ਤੇ ਬ੍ਰਾਹਮਣਵਾਦ ਦੀ ਦਲਦਲ ਵਿਚ ਫਸ ਰਹੇ ਹਾਂ।

ਸਾਧ ਸੰਗਤ ਜੀ ਬੇਨਤੀ ਹੈ ਕਿ ਆਪਾਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੇ ਬੁਰੀਆਂ ਆਦਤਾਂ ਤੋਂ ਹਟਾਈਏ ਗੁਰੂਤੇ ਗੁਰਬਾਣੀ ਦੀ ਜਾਣਕਾਰੀ ਦੇਕੇ ਬੱਚਿਆਂ ਨੂੰ ਗੁਰੂਤੇ ਗੁਰਬਾਣੀ ਨਾਲ ਜੋੜੀਏ। ਇਨ੍ਹਾਂ ਵਿਚ ਗੁਰਸਿੱਖੀ ਦੇ ਸੰਸਕਾਰ ਪੈਦਾ ਕਰੀਏ। ਇਸ ਤਰ੍ਹਾਂ ਗੁਰਬਾਣੀ ਦੇ ਚਾਨਣ ਨਾਲ ਸੰਸਕਾਰ ਵਿਚੋਂ ਜੁਲਮ ਤੇ ਅੰਧਕਾਰ ਖਤਮ ਕਰੀਏ।

• • • • •   • • • • •

| ਸੇਵਾ : | ਦਾਸ : |
|---|---|
| ਸ. ਦਰਸ਼ਨ ਸਿੰਘ | ਗੁਰਸੇਵਕ ਸਿੰਘ |
| ਸ. ਸਤਨਾਮ ਸਿੰਘ | 1408 3 ਬੀ 2 ਮੋਹਾਲੀ |
| ਸ. ਕੁਲਦੀਪ ਸਿੰਘ | 9888760496 |
| ਸ. ਚਮਕੌਰ ਸਿੰਘ | |